## ਅਧਿਆਇ 26

# ਡੇਹਰੇ ਦੇ ਲਈ ਹਦਾਇਤਾਂ (ਭਾਗ 2)

ਅਧਿਆਇ 26 ਸਮਾਨ ਸੰਬੰਧੀ ਪਰਮੇਸ਼ੁਰ ਦੀਆਂ ਹਦਾਇਤਾਂ ਵੱਲੋਂ ਡੇਹਰੇ, ਤੰਬੂ ਦੀ ਵੱਲ ਮੁੜਦਾ ਹੈ। ਸਭ ਤੋਂ ਪਹਿਲਾਂ, ਇਹ ਡੇਹਰੇ ਦੇ ਪੜਦਿਆਂ ਤੇ (26:1-14), ਫਿਰ ਤੰਬੂ ਦੇ ਢਾਂਚੇ ਤੇ (26:15-30) ਅਤੇ ਅੰਤ ਵਿਚ ਦੋ ਪੜਦਿਆਂ ਤੇ ਧਿਆਨ ਕੇਂਦਰਿਤ ਕਰਦਾ ਹੈ। ਇਕ ਪੜਦਾ ਪਵਿੱਤਰ ਅਸਥਾਨ ਨੂੰ ਅੱਤ ਪਵਿੱਤਰ ਅਸਥਾਨ ਤੋਂ ਵੱਖ ਕਰਦਾ ਸੀ ਅਤੇ ਦੂਜਾ ਪੜਦਾ ਪਵਿੱਤਰ ਅਸਥਾਨ ਦੇ ਅੰਦਰ ਦੇ ਪ੍ਰਵੇਸ਼ ਨੂੰ ਢੱਕਦਾ ਸੀ (26:31-37)।

ਕੂਚ ਦੀ ਪੁਸਤਕ ਵਿਚ ਤੰਬੂ ਦੇ ਫਰਸ਼ ਦਾ ਬਿਲਕੁਲ ਵੀ ਜ਼ਿਕਰ ਨਹੀਂ ਕੀਤਾ ਗਿਆ ਹੈ, ਪਰ ਗਿਣਤੀ 5:17 ਵਿਚ ਛੋਟਾ ਜਿਹਾ ਹਵਾਲਾ ਇਹ ਇਸ਼ਾਰਾ ਕਰਦਾ ਹੈ ਕਿ ਇਹ ਨੰਗਾ ਸੀ। ਉਸ ਸੰਦਰਭ ਵਿਚ, ਜਾਜਕਾਂ ਨੂੰ ਕਿਸੇ ਮਨੁੱਖ ਦੀ ਪਤਨੀ ਦੋਸ਼ੀ ਜਾਂ ਜ਼ਨਾਹਕਾਰ ਸੀ ਜਾਂ ਨਹੀਂ ਇਸ ਦਾ ਫ਼ੈਸਲਾ ਕਰਨ ਦੀ ਰਸਮ ਵਿਚ "ਉਸ ਧੂੜ ਨੂੰ ਜੋ ਡੇਹਰੇ ਦੇ ਫਰਸ਼ ਤੇ ਸੀ" ਇਸਤੇਮਾਲ ਕਰਨ ਦੀ ਹਦਾਇਤ ਦਿੱਤੀ ਗਈ ਸੀ।

### ਪੜਦਿਆਂ ਤੋਂ ਬਣਾਏ ਗਏ ਦੋ ਢੱਕਣ (26:1-13)

**1ਤੂੰ ਡੇਹਰੇ ਲਈ ਦਸ ਪੜਦੇ ਉਣੇ ਹੋਏ ਕਤਾਨ ਦੇ ਬਣਾਈਂ ਨੀਲੇ ਬੈਂਗਣੀ ਅਤੇ ਕਿਰਮਚੀ ਰੰਗ
ਦੇ ਬਣਾਈਂ, ਕਰੂਬੀਆਂ ਨਾਲ ਤੂੰ ਕਾਰੀਗਰ ਦਾ ਕੰਮ ਬਣਾਈਂ। 2ਹਰ ਇੱਕ ਪੜਦੇ ਦੀ ਲੰਬਾਈ
ਅਠਾਈ ਹੱਥ ਅਤੇ ਹਰ ਪੜਦੇ ਦੀ ਚੁੜਾਈ ਚਾਰ ਹੱਥ ਇੱਕੋ ਹੀ ਨਾਪ ਸਾਰਿਆਂ ਪੜਦਿਆਂ ਦਾ
ਹੋਵੇ। 3ਪੰਜ ਪੜਦੇ ਇੱਕ ਦੂਜੇ ਨਾਲ ਜੁੜੇ ਹੋਏ ਹੋਣ ਅਤੇ ਦੂਜੇ ਪੰਜ ਪੜਦੇ ਵੀ ਇੱਕ ਦੂਜੇ ਨਾਲ
ਜੁੜੇ ਹੋਏ ਹੋਣ। 4ਅਤੇ ਤੂੰ ਨੀਲੇ ਰੰਗ ਦੇ ਬੀੜੇ ਹਰ ਇੱਕ ਪੜਦੇ ਦੀ ਸੰਜਾਫ਼ ਵਿੱਚ ਜੋੜ ਦੇ ਸਿਰੇ
ਵੱਲ ਬਣਾਈਂ ਅਰ ਐਉਂ ਤੂੰ ਪੜਦੇ ਦੀ ਸੰਜਾਫ਼ ਦੇ ਦੂਜੇ ਬਾਹਰਲੇ ਜੋੜ ਦੇ ਸਿਰੇ ਉੱਤੇ ਬਣਾਈਂ।
5ਪੰਜਾਹ ਬੀੜੇ ਤੂੰ ਪਹਿਲੇ ਪੜਦੇ ਵਿੱਚ ਅਤੇ ਪੰਜਾਹ ਬੀੜੇ ਤੂੰ ਉਸ ਸਿਰੇ ਵੱਲ ਜਿਹੜਾ ਦੂਜੇ ਜੋੜ
ਵਿੱਚ ਹੈ ਬਣਾਈਂ। ਓਹ ਬੀੜੇ ਇੱਕ ਦੂਜੇ ਦੇ ਆਹਮੋ ਸਾਹਮਣੇ ਹੋਣ। 6ਅਤੇ ਤੂੰ ਪੰਜਾਹ ਕੁੰਡੀਆਂ ਸੋਨੇ
ਦੀਆਂ ਬਣਾਈਂ ਅਰ ਪੜਦਿਆਂ ਨੂੰ ਇੱਕ ਦੂਜੇ ਨਾਲ ਕੁੰਡੀਆਂ ਨਾਲ ਜੋੜੀਂ ਤਾਂ ਜੋ ਐਉਂ ਡੇਹਰਾ ਇੱਕੋ
ਹੀ ਹੋਵੇ। 7ਤੂੰ ਪਸ਼ਮ ਦੇ ਪੜਦੇ ਡੇਹਰੇ ਦੇ ਤੰਬੂ ਲਈ ਬਣਾਈਂ ਅਰ ਤੂੰ ਓਹ ਗਿਆਰਾਂ ਪੜਦੇ ਬਣਾਈਂ।
8ਹਰ ਇੱਕ ਪੜਦੇ ਦੀ ਲੰਬਾਈ ਤੀਹ ਹੱਥ ਅਰ ਹਰ ਪੜਦੇ ਦੀ ਚੁੜਾਈ ਚਾਰ ਹੱਥ ਅਰ ਏਹ
ਗਿਆਰਾਂ ਪੜਦੇ ਇੱਕ ਨਾਪ ਦੇ ਹੋਣ। 9ਤੂੰ ਪੰਜ ਪੜਦੇ ਵੱਖਰੇ ਜੋੜੀਂ ਅਰ ਛੇ ਪੜਦੇ ਵੱਖਰੇ ਅਰ
ਤੰਬੂ ਦੇ ਅਗਲੇ ਪਾਸੇ ਤੂੰ ਛੇਵਾਂ ਪੜਦਾ ਲਪੇਟੀਂ। 10ਤੂੰ ਪੰਜਾਹ ਬੀੜੇ ਉਸ ਪੜਦੇ ਦੀ ਸੰਜਾਫ਼ ਵਿੱਚ
ਜਿਹੜੀ ਜੋੜ ਦੇ ਸਿਰੇ ਉੱਤੇ ਹੈ ਅਤੇ ਪੰਜਾਹ ਬੀੜੇ ਦੂਜੇ ਜੋੜ ਦੇ ਪੜਦੇ ਦੀ ਸੰਜਾਫ਼ ਵਿੱਚ ਬਣਾਈਂ।
11ਅਤੇ ਤੂੰ ਪੰਜਾਹ ਕੁੰਡੀਆਂ ਪਿੱਤਲ ਦੀਆਂ ਬਣਾਈਂ ਅਰ ਕੁੰਡੀਆਂ ਬੀੜਿਆਂ ਵਿੱਚ ਪਾ ਦੇਵੀਂ ਅਰ ਤੂੰ
ਤੰਬੂ ਨੂੰ ਅਜੇਹਾ ਜੋੜੀਂ ਕਿ ਉਹ ਇੱਕ ਹੋ ਜਾਵੇ। 12ਅਰ ਤੰਬੂ ਦਾ ਪੜਦਾ ਜਿਹੜਾ ਬਾਕੀ ਰਹੇ
ਅਰਥਾਤ ਉਹ ਅੱਧਾ ਪੜਦਾ ਜਿਹੜਾ ਬਾਕੀ ਹੈ ਉਹ ਡੇਹਰੇ ਦੇ ਪਿੱਛਲੇ ਪਾਸੇ ਵੱਲ ਲਮਕਦਾ ਰਹੇ।**

[13]**ਅਰ ਉਹ ਤੰਬੂ ਦੇ ਪੜਦੇ ਦੀ ਲੰਬਾਈ ਦਾ ਵਾਧਾ ਏਸ ਪਾਸੇ ਦਾ ਇੱਕ ਹੱਥ ਅਤੇ ਉਸ ਪਾਸੇ ਦਾ ਇੱਕ ਹੱਥ ਡੇਹਰੇ ਦੇ ਦੋਹਾਂ ਪਾਸਿਆਂ ਉੱਤੇ ਢੱਕਣ ਲਈ ਲਮਕਾਊ ਰਹਿਣਗੇ।**

**ਆਇਤ 1. ਡੇਹਰੇ** ਨੂੰ ਬਣਾਉਣ ਦੇ ਲਈ ਹਦਾਇਤਾਂ ਪੜਦਿਆਂ ਦੇ ਵਰਣਨ ਨਾਲ ਸ਼ੁਰੂ ਹੁੰਦੀਆਂ ਹਨ ਜਿਹੜੇ ਤੰਬੂ ਦੇ ਬਣੇ ਹੋਏ ਸਨ। ਪਰਮੇਸ਼ੁਰ ਨੇ ਪਹਿਲਾਂ ਤੰਬੂ ਦੇ ਅੰਦਰਲੇ ਪੜਦੇ ਦੀ ਗੱਲ ਕੀਤੀ ਸੀ, ਜਿਹੜਾ **ਦਸ ਪੜਦੇ ਉਣੇ ਹੋਏ ਕਤਾਨ ਨੀਲੇ ਬੈਂਗਣੀ ਅਤੇ ਕਿਰਮਚੀ ਰੰਗ** ਦੇ ਬਣਾਏ ਜਾਣੇ ਸਨ। NASB ਬਾਈਬਲ ਵਿਚ, ਇਹ "ਸਮਾਨ" ਤਿਰਛੀ ਭਾਸ਼ਾ ਵਿਚ ਲਿਖਿਆ ਗਿਆ ਹੈ ਜੋ ਇਹ ਇਸ਼ਾਰਾ ਕਰਦਾ ਹੈ ਕਿ ਇਹ ਸ਼ਬਦ ਅਸਲ ਬਾਈਬਲ ਵਿਚ ਨਹੀਂ ਮਿਲਦਾ ਪਰ ਪਾਠਕ ਨੂੰ ਸਮਝਣ ਵਿਚ ਮਦਦ ਕਰਨ ਦੇ ਲਈ ਅਨੁਵਾਦਕਾਂ ਦੁਆਰਾ ਜੋੜਿਆ ਗਿਆ ਹੈ। KJV ਬਾਈਬਲ ਇਬਰਾਨੀ ਮੂਲ ਲਿਖਤ ਨਾਲ ਕੁਝ ਨਹੀਂ ਜੋੜਦੀ, ਪਰ ਇਸ ਦੇ ਵਿਚ ਸਿਰਫ "ਨੀਲਾ ਅਤੇ ਬੈਂਗਣੀ ਅਤੇ ਕਿਰਮਚੀ" ਹੈ। NRSV ਬਾਈਬਲ ਵਾਕਾਂ ਦਾ ਅਨੁਵਾਦ "ਦਸ ਪੜਦੇ ਉਣੇ ਹੋਏ ਕਤਾਨ ਅਤੇ ਨੀਲੇ, ਬੈਂਗਣੀ ਅਤੇ ਗੂੜ੍ਹੇ ਲਾਲ ਧਾਗਿਆ" ਵਜੋਂ ਕਰਦੀ ਹੈ। NIV ਬਾਈਬਲ ਵਿਚ "ਦਸ ਪੜਦੇ ਉਣੇ ਹੋਏ ਕਤਾਨ ਅਤੇ ਨੀਲੇ, ਬੈਂਗਣੀ ਅਤੇ ਲਾਲ ਧਾਗਾ" ਹੈ। ਇਹ ਚੀਜ਼ਾਂ ਦੁਰਲੱਭ ਅਤੇ ਮਹਿੰਗੀਆਂ ਸਨ। ਇਸ ਤੋਂ ਇਲਾਵਾ, **ਕਰੂਬੀਆਂ** ਦੀਆਂ ਮੂਰਤੀਆਂ ਨੂੰ ਕਪੜੇ ਤੇ ਕਾਰੀਗੀਰੀ ਨਾਲ ਬਣਾਇਆ ਜਾਣਾ ਸੀ। ਇਨ੍ਹਾਂ ਸਜਾਵਟਾਂ ਨੇ ਕੱਪੜੇ ਨੂੰ ਪਹਿਲਾਂ ਤੋਂ ਸੁੰਦਰ ਅਤੇ ਹੋਰ ਵੀ ਜ਼ਿਆਦਾ ਆਕਰਸ਼ਕ ਬਣਾ ਦਿੱਤਾ ਹੋਵੇਗਾ।

**ਆਇਤਾਂ 2, 3.** ਫਿਰ ਯਹੋਵਾਹ ਨੇ ਇਹ ਹਦਾਇਤਾਂ ਦਿੱਤੀਆਂ ਕਿ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਕਿਵੇਂ ਜੋੜਨਾ ਸੀ। ਦਸ ਪੜਦੇ, ਹਰੇਕ ਪੜਦੇ ਦੀ ਲੰਬਾਈ **ਅਠਾਈ ਹੱਥ** ਅਤੇ ਚੁੜਾਈ **ਚਾਰ ਹੱਥ** (42' x 6'), ਦੋ ਵੱਡੀਆਂ ਚਾਦਰਾਂ ਵਿਚ ਜੋੜੇ ਜਾਣੇ ਸਨ ਜੋ ਕਿ ਪੰਜ-ਪੰਜ ਪੜਦਿਆਂ ਦੀਆਂ ਬਣੀਆਂ ਸਨ। ਸ਼ਾਇਦ, ਦਸ ਪੜਦਿਆਂ ਨੂੰ ਦੋ ਵੱਡੀਆਂ ਚਾਦਰਾਂ ਨਾਲ ਸੀਤਾ ਗਿਆ ਸੀ ਤਾਂ ਕਿ ਉਨ੍ਹਾਂ ਨੂੰ ਮੋੜਿਆ ਅਤੇ ਇਕ ਥਾਂ ਤੋਂ ਦੂਜੀ ਥਾਂ ਤੇ ਲਿਜਾਇਆ ਜਾ ਸਕਦਾ; ਇਕ ਵੱਡਾ ਪੜਦਾ ਸ਼ਾਇਦ ਇਕ ਥਾਂ ਤੋਂ ਦੂਜੀ ਥਾਂ ਤੇ ਲਿਜਾਣ ਲਈ ਬਹੁਤ ਵੱਡਾ ਹੋਵੇਗਾ।

**ਆਇਤਾਂ 4-6.** ਫਿਰ ਇਨ੍ਹਾਂ ਦੋ ਚਾਦਰਾਂ ਨੂੰ ਉਨ੍ਹਾਂ ਦੇ ਨਾਲ **ਬੀੜਿਆਂ** ਅਤੇ **ਕੁੰਡੀਆਂ** ਨੂੰ ਜੋੜ ਕੇ ਬੰਨ੍ਹਣ ਦਾ ਪ੍ਰਬੰਧ ਕੀਤਾ ਗਿਆ। ਕਿਉਂਕਿ ਇਹ ਸਭ ਤੋਂ ਅੰਦਰਲਾ ਪੜਦਾ ਸੀ, ਪਵਿੱਤਰ ਸਾਜੋ ਸਮਾਨ ਦੇ ਬਿਲਕੁਲ ਨੇੜੇ, ਕੁੰਡੀਆਂ **ਸੋਨੇ** ਦੀਆਂ ਬਣਾਈਆਂ ਜਾਣੀਆਂ ਸਨ।

ਪਰਤੱਖ ਰੂਪ ਵਿਚ, ਇਹ ਪੜਦੇ ਪਾਸਿਆਂ ਤੇ ਜੋੜੇ ਜਾਣੇ ਸਨ ਤਾਂ ਕਿ ਦਸ ਪੜਦੇ, ਅਠਾਈ ਹੱਥ ਲੰਬੇ, ਦਸ ਹੱਥ ਚੌੜੇ, ਦਸ ਹੱਥ ਉੱਚੇ ਡੇਹਰੇ ਤੇ ਪਾਸਿਆਂ ਤੇ ਟੰਗੇ ਹੋਣ। ਪੂਰਾ ਪੜਦਾ ਦੋਹਾਂ ਪਾਸਿਆਂ ਤੋਂ ਬਿਲਕੁਲ ਵੀ ਜ਼ਮੀਨ ਤੇ ਨਹੀਂ ਲੱਗਾ ਹੋਵੇਗਾ; ਇਹ ਇਕ ਹੱਥ ਛੋਟਾ ਰਿਹਾ ਹੋਵੇਗਾ। ਪੜਦੇ ਦੀ ਕੁੱਲ ਲੰਬਾਈ ਚਾਲੀ ਹੱਥ ਸੀ - ਡੇਹਰੇ ਨੂੰ ਸਾਹਮਣੇ ਤੋਂ ਲੈ ਕੇ ਪਿੱਛੇ ਤੱਕ ਢੱਕਣ ਦੇ ਕਾਫੀ ਲੰਬਾ (ਤੀਹ ਹੱਥ), ਦਸ ਹੱਥ ਡੇਹਰੇ ਨੂੰ ਅੰਦਰੋਂ (ਪਵਿੱਤਰ ਅਸਥਾਨ ਅਤੇ ਅੱਤ ਪਵਿੱਤਰ ਅਸਥਾਨ) ਢੱਕਣ ਦੇ ਲਈ। ਪਰ, ਡੇਹਰੇ ਦੇ ਸਾਹਮਣੇ ਹਿੱਸੇ ਨੂੰ ਢੱਕਣ ਦੇ ਲਈ ਕਾਫੀ ਸਾਜੋ ਸਾਮਨ ਨਹੀਂ ਹੋਵੇਗਾ; ਇਹ ਬਾਹਰੀ ਪੜਦੇ ਜਾਂ "ਚਾਦਰ" ਨਾਲ ਢੱਕਿਆ ਗਿਆ ਹੋਵੇਗਾ ਜਿਸ ਦਾ ਵਰਣਨ ਅਧਿਆਇ ਵਿਚ ਅੱਗੇ ਜਾ ਕੇ ਕੀਤਾ ਗਿਆ ਹੈ (26:36)।

**ਆਇਤ 7.** ਤੰਬੂ ਲਈ ਦੂਜਾ ਪੜਦਾ **ਪਸ਼ਮ ਦੇ ਪੜਦੇ** ਦਾ ਬਣਾਇਆ ਜਾਣਾ ਸੀ। ਪਹਿਲਾ ਪੜਦਾ ਸਜਾਵਟੀ ਸੀ; ਦੂਜਾ ਪੜਦਾ ਉਪਯੋਗੀ ਹੋਵੇਗਾ। ਇਹ ਉਹ ਸਮੱਗਰੀ ਸੀ ਜੋ ਆਮ ਤੌਰ ਤੇ ਉਜਾੜ ਵਿਚ ਰਹਿਣ ਵਾਲਿਆਂ ਦੇ ਤੰਬੂਆਂ ਨੂੰ ਬਣਾਉਣ ਦੇ ਲਈ ਵਰਤੀ ਜਾਂਦੀ ਸੀ; ਸ਼ਾਇਦ ਇਹ ਕਾਲਾ ਸੀ, ਬੱਕਰਿਆਂ ਦਾ ਰੰਗ ਜੋ ਲੋਕ ਪਾਲਦੇ ਸਨ।

**ਆਇਤਾਂ 8, 9.** ਸਮੱਗਰੀ ਅਤੇ ਰੰਗ ਤੋਂ ਇਲਾਵਾ, ਪਹਿਲੇ ਪੜਦੇ ਅਤੇ ਦੂਜੇ ਪੜਦੇ ਵਿਚਕਾਰ ਦੋ ਮੁੱਖ ਫ਼ਰਕ ਹਨ। ਇਕ ਫ਼ਰਕ ਆਕਾਰ ਦਾ ਸੀ। ਦੂਜਾ ਪੜਦਾ ਪਹਿਲੇ ਪੜਦੇ ਨਾਲੋਂ ਵੱਡਾ ਸੀ ਕਿਉਂਕਿ ਇਸ ਦੇ ਵਿਚ ਦਸ ਦੇ ਮੁਕਾਬਲੇ ਗਿਆਰਾਂ ਪੜਦੇ ਸਨ (26:7)। ਹਰ **ਪੜਦੇ ਦੀ ਲੰਬਾਈ ਤੀਹ ਹੱਥ** ਸੀ, ਅੰਦਰਲੇ ਪੜਦੇ ਦੀ ਅਠਾਈ ਹੱਥ ਲੰਬਾਈ ਦੇ ਮੁਕਾਬਲੇ। ਫਾਲਤੂ ਲੰਬਾਈ ਜੋ ਸੀ ਉਹ ਡੇਹਰੇ ਦੇ ਅਗਲੇ, ਪਿਛਲੇ ਅਤੇ ਪਾਸਿਆਂ ਨੂੰ ਢੱਕਦੀ ਸੀ। ਅੱਧਾ ਜਾਂ ਦੋ ਹੱਥ ਪੜਦਾ ਜੋ ਫਾਲਤੂ ਸੀ **ਅਗਲੇ ਪਾਸੇ ਲਪੇਟਿਆ** ਜਾਣਾ ਸੀ, ਅਰਥਾਤ, ਪ੍ਰਵੇਸ਼ ਤੋਂ ਪਿੱਛੇ ਨੂੰ ਲਪੇਟਿਆ ਜਾਣਾ ਸੀ।

**ਆਇਤਾਂ 10, 11.** ਦੂਜਾ ਫ਼ਰਕ ਉਨ੍ਹਾਂ ਦੇ ਬੰਨ੍ਹਣ ਵਿਚ ਸੀ ਜਿਸ ਨੇ ਦੋਹਾਂ ਵੱਡੀਆਂ ਚਾਦਰਾਂ ਨੂੰ ਫੜ ਕੇ ਰੱਖਣਾ ਸੀ। ਦੂਜੇ ਪੜਦੇ ਨੂੰ ਸੋਨੇ ਦੀ ਬਜਾਇ **ਪਿੱਤਲ** ਨਾਲ ਬੰਨ੍ਹਿਆ ਜਾਣਾ ਸੀ। ਇਸ ਨੂੰ ਪਵਿੱਤਰ ਅਸਥਾਨ ਤੋਂ ਅਤੇ ਪਰਮੇਸ਼ੁਰ ਦੀ ਹਜ਼ੂਰੀ ਤੋਂ ਹੋਰ ਦੂਰ ਹਟਾ ਦਿੱਤਾ ਗਿਆ ਸੀ, ਇਸ ਲਈ, ਘੱਟ ਕੀਮਤੀ ਧਾਤੂ ਦੀ ਵਰਤੋਂ ਕੀਤੀ ਗਈ ਸੀ। ਇਹ **ਬੀੜੇ ਪੰਜਾਹ ਕੁੰਡੀਆਂ** ਵਿਚ ਲਗਾਏ ਜਾਣੇ ਸਨ, ਜਿਨ੍ਹਾਂ ਨੇ **ਤੰਬੂ ਨੂੰ ਇਸ ਤਰ੍ਹਾਂ ਜੋੜਨਾ ਸੀ ਕਿ ਉਹ ਇੱਕ ਹੋ ਜਾਵੇ**।

**ਆਇਤਾਂ 12, 13.** ਪੜਦੇ ਦਾ ਦੂਜਾ ਹਿੱਸਾ ਜੋ ਨਹੀਂ ਸੀ "ਲਪੇਟਿਆ" ਗਿਆ (26:9) ਉਹ **ਡੇਹਰੇ ਦੇ ਪਿੱਛਲੇ ਪਾਸੇ ਵੱਲ ਲਮਕਦਾ** ਰਹਿਣਾ ਸੀ। ਇਨ੍ਹਾਂ ਹਦਾਇਤਾਂ ਦੇ ਨਤੀਜੇ ਵਜੋਂ, ਪਹਿਲੇ ਪੜਦੇ ਨੂੰ ਪੂਰੀ ਤਰ੍ਹਾਂ ਦੂਜੇ ਪੜਦੇ ਨਾਲ ਢੱਕਿਆ ਗਿਆ ਸੀ; ਇਸ ਨੂੰ ਬਾਹਰੋਂ ਬਿਲਕੁਲ ਨਹੀਂ ਸੀ ਵੇਖਿਆ ਜਾ ਸਕਦਾ।

## ਖੱਲਾਂ ਤੋਂ ਬਣਾਏ ਗਏ ਦੋ ਢੱਕਣ (26:14)

**14ਅਤੇ ਤੂੰ ਤੰਬੂ ਲਈ ਛੱਤ੍ਰਿਆਂ ਦੀਆਂ ਲਾਲ ਰੰਗੀਆਂ ਹੋਈਆਂ ਖੱਲਾਂ ਦਾ ਢੱਕਣ ਅਤੇ ਉੱਪਰਲੇ ਲਈ ਬੱਕਰਿਆਂ ਦੀਆਂ ਖੱਲਾਂ ਦਾ ਢੱਕਣ ਬਣਾਈਂ।**

**ਆਇਤ 14.** ਫਿਰ ਦੋ ਹੋਰ ਢੱਕਣ (ਣਾਂ) ਦਾ ਜ਼ਿਕਰ ਕੀਤਾ ਗਿਆ ਹੈ ਪਰ ਪੂਰੀ ਤਰ੍ਹਾਂ ਵਰਣਨ ਨਹੀਂ ਕੀਤਾ ਗਿਆ ਹੈ। ਇਕ **ਛੱਤ੍ਰਿਆਂ ਦੀਆਂ ਲਾਲ ਰੰਗੀਆਂ ਹੋਈਆਂ ਖੱਲਾਂ** ਦਾ ਢੱਕਣ ਸੀ, ਇਸ ਤੀਜੇ ਢੱਕਣ ਦਾ ਉਦੇਸ਼ ਦੋ ਅੰਦਰੂਨੀ ਢੱਕਣਾਂ ਦੀਆਂ ਰੱਖਿਆ ਕਰਨਾ ਸੀ; ਉਦਾਹਰਣ ਦੇ ਲਈ, ਛੱਤ੍ਰਿਆਂ ਦੀਆਂ ਖੱਲਾਂ ਦੋ ਅੰਦਰੂਨੀ ਢੱਕਣਾਂ ਨਾਲੋਂ ਜ਼ਿਆਦਾ ਜਲ ਰੋਧਕ ਹੋਣਗੀਆਂ। ਕਿਉਂਕਿ ਤੀਜੇ ਢੱਕਣ ਦਾ ਅੱਗੇ ਵਰਣਨ ਨਹੀਂ ਕੀਤਾ ਗਿਆ ਹੈ (ਉਦਾਹਰਣ ਦੇ ਲਈ, ਉਨ੍ਹਾਂ ਦਾ ਕੋਈ ਮਾਪ ਨਹੀਂ ਦਿੱਤਾ ਗਿਆ ਹੈ), ਇਹ ਉਨ੍ਹਾਂ ਦੋ ਢੱਕਣਾਂ ਜਿੰਨਾ ਹੀ ਮਹੱਤਵਪੂਰਣ ਹੋਵੇਗਾ ਜਿਨ੍ਹਾਂ ਦਾ ਪਹਿਲਾਂ ਵਰਣਨ ਕੀਤਾ ਗਿਆ ਸੀ।

**ਬੱਕਰਿਆਂ ਦੀਆਂ ਖੱਲਾਂ** ਦੇ ਚੌਥੇ ਢੱਕਣ ਦਾ ਜ਼ਿਕਰ ਕੀਤਾ ਗਿਆ ਹੈ। ਇਕ ਸਵਾਲ ਇਹ ਉੱਠਦਾ ਹੈ ਕਿ ਇਬਰਾਨੀ ਸ਼ਬਦ תַּחַשׁ *(ਥਾਚਾਸ਼)* ਤੋਂ ਕਿਸ ਕਿਸਮ ਦੀਆਂ ਖੱਲਾਂ ਦਾ ਅਰਥ ਨਿੱਕਲਦਾ ਹੈ। KJV ਬਾਈਬਲ ਵਿਚ ਇਸ ਸ਼ਬਦ ਦਾ ਅਰਥ ਹੈ "ਬਿੱਜੂ ਦੀਆਂ ਖੱਲਾਂ।" ਪਰ, ਜ਼ਿਆਦਾਤਰ ਟੀਕਾਕਾਰ ਇਸ ਵਿਚਾਰ ਦੇ ਹੱਕ ਵਿਚ ਹਨ ਕਿ ਇਹ "ਦਰਿਆਈ ਘੋੜੇ," ਸਮੁੰਦਰੀ ਗਾਂ ਦੀਆਂ ਖੱਲਾਂ ਸਨ, ਜੋ ਕਿ ਲਾਲ ਸਮੁੰਦਰ ਵਿਚ ਮਿਲ ਸਕਦੀਆਂ ਸਨ।[1] ਇਹ ਸਵਾਲ ਇਹ ਵੀ ਉੱਠਦਾ ਹੈ ਕਿ ਇਹ ਡੇਹਰੇ ਦੇ ਲਈ ਅਸਲ ਵਿਚ ਇਕ ਹੋਰ ਢੱਕਣ ਸੀ ਵੀ ਜਾਂ ਨਹੀਂ। ਆਰ. ਐਲਨ ਕੋਲ ਨੇ ਸੋਚਿਆ ਕਿ ਇਹ ਖੱਲਾਂ ਥੈਲਾ, ਜਾਂ ਥੈਲੇ ਬਣਾਉਣ ਦੇ ਲਈ ਇਸਤੇਮਾਲ ਕੀਤੀਆਂ ਜਾਣੀਆਂ ਸਨ, ਜਿਨ੍ਹਾਂ ਦੇ ਵਿਚ ਡੇਹਰੇ ਦੇ ਢੱਕਣਾਂ ਨੂੰ ਕਿਤੇ ਵੀ ਲਿਜਾਇਆ ਜਾ ਸਕਦਾ ਸੀ। ਉਸ ਨੇ ਲਿਖਿਆ,

> ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਹ ਇਕ ਕਿਸਮ ਦਾ ਚਮੜੇ ਦਾ "ਤੰਬੂ ਵਰਗਾ ਥੈਲਾ," ਜਾਂ

ਚਾਦਰ ਸੀ ਜੋ ਆਵਾਜਾਈ ਦੇ ਲਈ ਮੁਹੱਈਆ ਕਰਵਾਇਆ ਗਿਆ ਸੀ। ਕੁਝ ਸੋਚਦੇ ਹਨ ਕਿ ਇਸ ਵਾਕ ਦਾ ਅਰਥ ਸੀ ਚਮੜੇ ਦਾ ਤੀਜਾ (ਜਾਂ ਸਗੋਂ ਚੌਥਾ) ਤੰਬੂ ਸੀ ਜਿਹੜਾ ਕਿ ਬੱਕਰਿਆਂ ਦਿਆਂ ਵਾਲਾਂ ਅਤੇ ਕਤਾਨ ਤੇ ਤੰਬੂਆਂ ਉੱਤੇ ਰੱਖਿਆ ਗਿਆ ਸੀ, ਪਰ ਇਹ ਅਸੰਭਵ ਤੌਰ ਤੇ ਭਾਰਾ ਅਤੇ ਬੇਲੋੜਾ ਜਾਪੇਗਾ।[2]

## ਕੰਧਾਂ: ਫੱਟੀਆਂ ਅਤੇਹੋੜੇ (26:15-30)

**15ਤੂੰ ਸ਼ਿੱਟੀਮ ਦੀ ਲੱਕੜੀ ਦੀਆਂ ਖੜਵੀਆਂ ਫੱਟੀਆਂ ਡੇਹਰੇ ਲਈ ਬਣਾਈਂ। 16ਫੱਟੀ ਦੀ ਲੰਬਾਈ
ਦਸ ਹੱਥ ਅਰ ਹਰ ਫੱਟੀ ਦੀ ਚੁੜਾਈ ਡੂਢ ਹੱਥ ਹੋਵੇ। 17ਅਰ ਹਰ ਫੱਟੀ ਵਿੱਚ ਦੋ ਚੂਲਾਂ ਇੱਕ ਦੂਜੀ
ਨੂੰ ਜੋੜਨ ਲਈ ਹੋਣ ਐਉਂ ਤੂੰ ਡੇਹਰੇ ਦੀਆਂ ਸਾਰੀਆਂ ਫੱਟੀਆਂ ਬਣਾਈਂ। 18ਸੋ ਤੂੰ ਡੇਹਰੇ ਦੀਆਂ
ਫੱਟੀਆਂ ਬਣਾਈਂ ਵੀਹ ਫੱਟੀਆਂ ਦੱਖਣ ਦੇ ਪਾਸੇ ਵੱਲ ਦੇ ਲਈ। 19ਅਤੇ ਤੂੰ ਚਾਂਦੀ ਦੀਆਂ ਚਾਲੀ
ਚੀਥੀਆਂ ਉਨ੍ਹਾਂ ਦੀਆਂ ਵੀਹਾਂ ਫੱਟੀਆਂ ਦੇ ਹੇਠ ਬਣਾਈਂ ਅਰਥਾਤ ਇੱਕ ਫੱਟੀ ਹੇਠ ਦੋ ਚੀਥੀਆਂ ਉਹ
ਦੀਆਂ ਦੋਹਾਂ ਚੂਲਾਂ ਲਈ ਬਣਾਈਂ ਅਤੇ ਦੂਜੀ ਫੱਟੀ ਹੇਠ ਦੋ ਚੀਥੀਆਂ ਉਹ ਦੀਆਂ ਦੋਹਾਂ ਚੂਲਾਂ ਲਈ।
20ਅਰ ਡੇਹਰੇ ਦੇ ਦੂਜੇ ਪਾਸੇ ਲਈ ਉੱਤਰ ਵੱਲ ਵੀਹ ਫੱਟੀਆਂ 21ਅਤੇ ਉਨ੍ਹਾਂ ਦੀਆਂ ਚਾਂਦੀ ਦੀਆਂ
ਚਾਲੀ ਚੀਥੀਆਂ ਅਰਥਾਤ ਇੱਕ ਫੱਟੀ ਹੇਠ ਦੋ ਚੀਥੀਆਂ ਅਤੇ ਦੂਜੀ ਫੱਟੀ ਹੇਠ ਦੋ ਚੀਥੀਆਂ। 22ਅਰ
ਡੇਹਰੇ ਦੇ ਪਿਛਵਾੜੇ ਦੇ ਲਹਿੰਦੇ ਪਾਸੇ ਵੱਲ ਨੂੰ ਤੂੰ ਛੇ ਫੱਟੀਆਂ ਬਣਾਈਂ। 23ਤੂੰ ਦੋ ਫੱਟੀਆਂ ਡੇਹਰੇ ਦੇ
ਪਿਛਵਾੜੇ ਦੇ ਖੂੰਜਿਆਂ ਲਈ ਬਣਾਈਂ। 24ਤਾਂ ਜੋ ਓਹ ਹੇਠਾਂ ਦੋਹਰੀਆਂ ਹੋਣ ਅਤੇ ਓਹ ਏਸ ਪਰਕਾਰ
ਆਪਣਿਆਂ ਸਿਰਿਆਂ ਤੀਕ ਇੱਕ ਕੜੇ ਨਾਲ ਸਾਬਿਤ ਰਹਿਣ। ਐਉਂ ਉਨ੍ਹਾਂ ਦੋਹਾਂ ਲਈ ਹੋਵੇ ਅਤੇ
ਦੋਹਾਂ ਖੂੰਜਿਆਂ ਲਈ ਓਹ ਹੋਣ। 25ਅਰ ਓਹ ਅੱਠ ਫੱਟੀਆਂ ਹੋਣ ਅਤੇ ਉਨ੍ਹਾਂ ਦੀਆਂ ਚਾਂਦੀ ਦੀਆਂ
ਸੋਲਾਂ ਚੀਥੀਆਂ ਹੋਣ ਅਰਥਾਤ ਇੱਕ ਫੱਟੀ ਹੇਠ ਦੋ ਚੀਥੀਆਂ ਅਤੇ ਦੂਜੀ ਫੱਟੀ ਹੇਠ ਵੀ ਦੋ ਚੀਥੀਆਂ।
26ਅਤੇ ਤੂੰ ਸ਼ਿੱਟੀਮ ਦੀ ਲੱਕੜੀ ਦੇ ਹੋੜੇ ਬਣਾਈਂ। ਡੇਹਰੇ ਦੇ ਇੱਕ ਪਾਸੇ ਦੀਆਂ ਫੱਟੀਆਂ ਲਈ ਪੰਜ
ਹੋੜੇ 27ਅਤੇ ਡੇਹਰੇ ਦੇ ਦੂਜੇ ਪਾਸੇ ਦੀਆਂ ਫੱਟੀਆਂ ਲਈ ਪੰਜ ਹੋੜੇ ਅਤੇ ਡੇਹਰੇ ਦੇ ਪਿਛਵਾੜੇ ਦੇ
ਲਹਿੰਦੇ ਪਾਸੇ ਦੀਆਂ ਫੱਟੀਆਂ ਲਈ ਪੰਜ ਹੋੜੇ। 28ਅਰ ਵਿਚਲਾ ਹੋੜਾ ਫੱਟੀਆਂ ਦੇ ਵਿਚਕਾਰੋਂ ਦੀ
ਦੁਸਾਰ ਪਾਸ ਜਾਵੇਗਾ। 29ਅਰ ਤੂੰ ਫੱਟੀਆਂ ਨੂੰ ਸੋਨੇ ਨਾਲ ਮੜ੍ਹੀਂ ਅਰ ਹੋੜਿਆਂ ਦੇ ਥਾਵਾਂ ਲਈ ਸੋਨੇ
ਦੇ ਕੜੇ ਬਣਾਈਂ ਅਤੇ ਹੋੜਿਆਂ ਨੂੰ ਸੋਨੇ ਨਾਲ ਮੜ੍ਹੀਂ। 30ਤੂੰ ਡੇਹਰੇ ਨੂੰ ਉਸ ਨਮੂਨੇ ਉੱਤੇ ਖੜਾ ਕਰੀਂ
ਜਿਹੜਾ ਤੈਨੂੰ ਪਹਾੜ ਉੱਤੇ ਵਿਖਾਇਆ ਸੀ।**

**ਆਇਤ 15.** ਡੇਹਰੇ ਲਈ ਚਾਰ ਢੱਕਣਾਂ ਦੇ ਵਰਣਨ ਤੋਂ ਬਾਅਦ, ਲਿਖਤ ਉਨ੍ਹਾਂ **ਫੱਟੀਆਂ** ਦੇ ਲਈ ਹਦਾਇਤਾਂ ਨੂੰ ਦੇਣ ਦੁਆਰਾ ਜਾਰੀ ਰਹਿੰਦੀ ਹੈ ਜੋ ਡੇਹਰੇ ਦੀਆਂ ਕੰਧਾਂ ਬਾਰੇ ਦੱਸਦੀਆਂ ਸਨ। ਫੱਟੀਆਂ **ਸ਼ਿੱਟੀਮ ਦੀ ਲੱਕੜੀ** ਦੀਆਂ ਬਣਾਈਆਂ ਜਾਣੀਆਂ ਸਨ ਜਿਨ੍ਹਾਂ ਨੂੰ ਸੋਨੇ ਨਾਲ ਮੜ੍ਹਿਆ ਜਾਣਾ ਸੀ (26:29), ਜੋ ਕਿ ਉਸ ਸਮੱਗਰੀ ਦੇ ਲਈ ਉਚਿਤ ਸੀ ਜੋ ਪਰਮੇਸ਼ੁਰ ਦੀ ਹਜ਼ੂਰੀ ਦੇ ਨੇੜੇ ਸੀ। "ਸ਼ਿੱਟੀਮ" ਰਿਚਰਡ ਈ. ਏਵਰਬੈਕ ਦੇ ਅਨੁਸਾਰ, "ਬਹੁਤ ਹੀ ਸਖ਼ਤ ਅਤੇ ਟਿਕਾਊ ਲੱਕੜੀ ਸੀ ਜੋ ਵਜ਼ਨ ਵਿਚ ਹਲਕੀ ਸੀ।"[3]

**ਆਇਤਾਂ 16, 17. ਫੱਟੀ** [ਆਂ] **ਦੀ ਲੰਬਾਈ ਦਸ ਹੱਥ** (15') ਸੀ, ਡੇਹਰੇ ਦੀ ਉਚਾਈ। ਪਾਸਿਆਂ ਤੇ, ਫੱਟੀਆਂ ਦੀ ਚੁੜਾਈ **ਡੇਢ ਹੱਥ** (27") ਸੀ। ਇਨ੍ਹਾਂ ਫੱਟੀਆਂ ਦੇ ਥੱਲੇ **ਚੂਲਾਂ** ਬਣਾਈਆਂ ਗਈਆਂ ਸਨ, ਜੋ ਉਨ੍ਹਾਂ ਨੂੰ ਚਾਂਦੀ ਦੀਆਂ "ਚੀਥੀਆਂ" ਵਿਚ ਸਿੱਧਾ ਖੜ੍ਹਾ ਹੋਣਾ ਸੰਭਵ ਬਣਾਉਂਦੀਆਂ ਸਨ (26:19)। "ਚੂਲ" "ਲੱਕੜੀ ਤੇ ਇਕ ਵਧਾ ਹੈ ਜਿਸ ਨੂੰ ਜੋੜ ਪਾਉਣ ਦੇ ਲਈ ਇਕ ਤਰ੍ਹਾਂ ਦਾ ਅਕਾਰ ਦਿੱਤਾ ਗਿਆ ਹੁੰਦਾ ਹੈ।"[4] ਲਿਖਤ ਵਿਚ ਵਰਣਨ ਕੀਤੀਆਂ ਗਈਆਂ "ਚੂਲਾਂ" "ਚੀਥੀਆਂ"

ਵਿਚ ਫਿੱਟ ਕਰਨ ਦੇ ਲਈ ਬਣਾਈਆਂ ਗਈਆਂ ਸਨ ਜਿਨ੍ਹਾਂ ਨੂੰ ਜ਼ਮੀਨ ਤੇ ਰੱਖਿਆ ਗਿਆ ਸੀ। ਅਮਬਰਟੋ ਕਸੁੱਟੋ ਨੇ ਇੱਥੇ ਜਿਨ੍ਹਾਂ ਚੂਲਾਂ ਦਾ ਜ਼ਿਕਰ ਕੀਤਾ ਗਿਆ ਹੈ ਉਨ੍ਹਾਂ ਦੀ ਬੂਹੇ ਦੇ ਕਬਜ਼ਿਆਂ ਵਜੋਂ ਵਿਆਖਿਆ ਕੀਤੀ ਸੀ।[5]

**ਆਇਤਾਂ 18-21.** ਹਦਾਇਤਾਂ ਵਿਚ ਸਪੱਸ਼ਟ ਰੂਪ ਨਾਲ ਦੱਸਿਆ ਗਿਆ ਸੀ ਕਿ ਹਰ ਪਾਸੇ **ਵੀਹ ਫੱਟੀਆਂ** ਹੋਣੀਆਂ ਚਾਹੀਦੀਆਂ ਸਨ। ਇਨ੍ਹਾਂ ਫੱਟੀਆਂ ਨੇ ਮਿਲ ਕੇ ਤੀਹ ਹੱਥ ਲੰਬੀ ਇਕ ਕੰਧ, ਡੇਹਰੇ ਦੀ ਉਚਾਈ ਬਣਾਉਣੀ ਸੀ।

**ਆਇਤਾਂ 22, 23. ਡੇਹਰੇ ਦੇ ਪਿਛਵਾੜੇ** [ਕੰਧ] ਦੇ ਲਈ ਦਿੱਤੀਆਂ ਗਈਆਂ ਹਦਾਇਤਾਂ ਨੂੰ ਸਮਝਣਾ ਉੱਨਾ ਸੌਖਾ ਨਹੀਂ ਹੈ, ਪਰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ **ਦੋ ਫੱਟੀਆਂ** ਸਮੇਤ ਜੋ ਕਿ **ਖੂੰਜਿਆਂ ਲਈ** ਬਣਾਈਆਂ ਗਈਆਂ ਸਨ ਅੱਠ ਫੱਟੀਆਂ ਹੋਣੀਆਂ, ਜਿਨ੍ਹਾਂ ਨੇ ਪਿਛਵਾੜੇ ਨੂੰ ਉਸੇ ਤਰ੍ਹਾਂ ਢੱਕਿਆ ਹੋਵੇਗਾ ਜਿਵੇਂ ਬਾਕੀ ਫੱਟੀਆਂ ਨੇ ਡੇਹਰੇ ਦੇ ਪਾਸਿਆਂ ਨੂੰ ਢੱਕਿਆ ਸੀ।

**ਆਇਤਾਂ 24, 25.** ਲਿਖਤ ਇਹ ਇਸ਼ਾਰਾ ਕਰਦੀ ਪ੍ਰਤੀਤ ਹੁੰਦੀ ਹੈ ਕਿ **ਫੱਟੀਆਂ** ਨੇ ਡੇਹਰੇ ਦੇ ਤਿੰਨਾਂ ਪਾਸਿਆਂ ਦੇ ਆਲੇ-ਦੁਆਲੇ ਇਕ ਠੋਸ ਕੰਧ ਬਣਾਈ ਸੀ। ਇਸ ਵਿਆਖਿਆ ਨਾਲ ਮੁਸ਼ਕਲ ਇਹ ਹੈ ਕਿ ਜੇਕਰ ਫੱਟੀਆਂ ਠੋਸ ਸਨ, ਤਾਂ ਫਿਰ ਅੰਦਰੂਨੀ ਪੜਦਾ, ਜੇਕਰ ਫੱਟੀਆਂ ਦੇ ਬਾਹਰ ਟੰਗਿਆ ਗਿਆ ਸੀ, ਛੱਤ ਤੋਂ ਇਲਾਵਾ ਨਹੀਂ ਸੀ ਵੇਖਿਆ ਜਾ ਸਕਦਾ। ਇਸ ਦੇ ਉਲਟ, ਜੇਕਰ ਇਹ ਫੱਟੀਆਂ ਦੇ ਅੰਦਰ ਟੰਗਿਆ ਗਿਆ ਸੀ, ਤਾਂ ਫਿਰ ਸੋਨੇ ਨਾਲ ਢੱਕੀਆਂ ਹੋਈਆਂ ਸੁੰਦਰ ਫੱਟੀਆਂ ਨੂੰ ਨਹੀਂ ਸੀ ਵੇਖਿਆ ਜਾ ਸਕਦਾ। ਕੱਪੜੇ ਅਤੇ ਕਰੂਬੀਆਂ ਦੋਹਾਂ ਦੀ ਸੁੰਦਰਤਾ ਇਹ ਦੱਸਦੀ ਪ੍ਰਤੀਤ ਹੁੰਦੀ ਹੈ ਕਿ ਪਰਮੇਸ਼ੁਰ ਚਾਹੁੰਦਾ ਸੀ ਕਿ ਮਨੁੱਖੀ ਅੱਖਾਂ ਅੰਦਰਲੇ ਪੜਦੇ ਨੂੰ ਵੇਖਣ। ਨਤੀਜੇ ਵਜੋਂ, ਕੁਝ ਵਿਦਵਾਨ ਇਹ ਸਿੱਟਾ ਕੱਢਦੇ ਹਨ ਕਿ ਇਹ ਫੱਟੀਆਂ ਸਲਾਖਾਂ-ਵਰਗਾ ਢਾਂਚਾ ਸੀ ਜਿਸ ਨੇ ਡੇਹਰੇ ਅਤੇ ਇਸ ਦੇ ਪੜਦਿਆਂ ਦੇ ਲਈ ਇਕ ਢਾਂਚਾ ਪ੍ਰਦਾਨ ਕੀਤਾ ਪਰ ਜਿਨ੍ਹਾਂ ਦੇ ਰਾਹੀਂ ਜਾਜਕ ਅੰਦਰਲੇ ਪੜਦੇ ਨੂੰ ਵੇਖ ਸਕਦੇ ਸਨ। ਇਹ ਵਿਆਖਿਆ ਇਕ ਹੋਰ ਮੁਸ਼ਕਲ ਨੂੰ ਹੱਲ ਕਰਨ ਵਿਚ ਮਦਦ ਕਰਦੀ ਹੈ: ਜੇਕਰ ਫੱਟੀਆਂ ਠੋਸ ਅਤੇ ਸੋਨੇ ਨਾਲ ਮੜ੍ਹੀਆਂ ਹੋਈਆਂ ਸਨ, ਤਾਂ ਉਨ੍ਹਾਂ ਦਾ ਭਾਰ ਇੰਨਾ ਜ਼ਿਆਦਾ ਹੋਵੇਗਾ ਕਿ ਉਨ੍ਹਾਂ ਨੂੰ ਇਕ ਥਾਂ ਤੋਂ ਦੂਜੇ ਥਾਂ ਤੇ ਲਿਜਾਣਾ ਮੁਸ਼ਕਲ ਹੋਵੇਗਾ। ਫੱਟੀਆਂ ਢਾਂਚੇ ਸਨ ਜੋ ਇੰਨੇ ਭਾਰੇ ਨਹੀਂ ਹੋਣਗੇ।

**ਆਇਤਾਂ 26-30.** ਡੇਹਰੇ ਦੇ ਦੋ ਲੰਬੇ **ਪਾਸਿਆਂ** ਤੇ **ਫੱਟੀਆਂ** ਨੂੰ ਟਿਕਾਈ ਰੱਖਣ ਦੇ ਲਈ, ਪਰਮੇਸ਼ੁਰ ਨੇ ਦੱਸਿਆ ਸੀ ਕਿ ਇਸਰਾਏਲੀਆਂ ਨੇ ਹਰ ਪਾਸੇ ਤੇ **ਪੰਜ ਹੋੜੇ** ਵਰਤਣੇ ਸਨ। ਹਰ ਪਾਸੇ ਤੇ **ਵਿਚਲਾ ਹੋੜਾ** ਡੇਹਰੇ ਜਿੰਨਾ ਹੀ ਲੰਬਾ ਹੋਣਾ ਸੀ। ਸ਼ਾਇਦ, ਦੂਜੇ ਚਾਰ ਹੋੜੇ ਓਨੇ ਲੰਬੇ ਨਹੀਂ ਸਨ। ਸ਼ਾਇਦ ਬਾਕੀ ਚਾਰੇ ਹੋੜੇ ਪੰਦਰਾਂ ਹੱਥ ਲੰਬੇ ਸਨ, ਇਸ ਲਈ ਉਨ੍ਹਾਂ ਵਿੱਚੋਂ ਦੋ ਮਿਲ ਕੇ ਡੇਹਰੇ ਦੀ ਲੰਬਾਈ ਜਿੰਨੇ ਸਨ। ਇਹ ਹੋੜੇ **ਸੋਨੇ** ਨਾਲ ਮੜ੍ਹੇ ਜਾਣੇ ਸਨ ਅਤੇ ਡੇਹਰੇ ਦੀਆਂ ਫੱਟੀਆਂ ਨਾਲ ਜੋੜੇ ਜਾਣੇ ਸਨ ਅਤੇ ਉਸ ਉਦੇਸ਼ ਦੇ ਲਈ **ਵਿਚਕਾਰੋਂ ਦੀ ਦੁਸਾਰ ਪਾਰ** ਲਾਏ ਗਏ ਸਨ।

ਤੰਬੂ ਡੇਹਰੇ ਦੇ ਪਰਿਸਰ ਦੀ ਪ੍ਰਮੁੱਖ ਵਿਸ਼ੇਸ਼ਤਾ ਦਾ ਕੰਮ ਕਰਦਾ ਸੀ। ਇਹ ਦੋ ਹਿੱਸਿਆਂ - ਪਵਿੱਤਰ ਅਸਥਾਨ ਅਤੇ ਅੱਤ ਪਵਿੱਤਰ ਅਸਥਾਨ - ਵਿਚ ਵੰਡਿਆ ਹੋਇਆ ਸੀ ਅਤੇ ਇਸ ਅੰਦਰ ਡੇਹਰੇ ਦਾ ਸਮਾਨ ਰੱਖਿਆ ਹੋਇਆ ਸੀ। ਤੰਬੂ ਦੇ ਵਿਅਕਤੀਗਾਤ ਭਾਗਾਂ ਦਾ ਉਨ੍ਹਾਂ ਗੱਲਾਂ ਤੋਂ ਇਲਾਵਾ ਜੋ ਬਾਈਬਲ ਵਿਚ ਸਪੱਸ਼ਟ ਰੂਪ ਨਾਲ ਦੱਸੀਆਂ ਗਈਆਂ ਹਨ ਹੋਰ ਕੋਈ ਪ੍ਰਤੀਕਾਤਮਕ ਮਹੱਤਤਾ ਸੀ ਜਾਂ ਨਹੀਂ ਇਹ ਆਪੱਤੀਜਨਕ ਹੈ, ਪਰ ਟੀਕਾਕਾਰ ਤੰਬੂ ਦੇ ਲਈ ਯੋਜਨਾ ਵਿਚ ਕੁਝ ਵੇਰਵਿਆਂ ਵਿਚ ਮਹੱਤਤਾ ਨੂੰ ਵੇਖਦੇ ਹਨ। ਉਦਾਹਰਣ ਦੇ ਲਈ, ਐਨਸ ਨੇ ਟਿੱਪਣੀ ਕੀਤੀ ਸੀ ਕਿ ਅੰਦਰਲੇ ਪੜਦੇ ਤੇ ਉਣੇ ਹੋਏ ਕਰੂਬੀ "ਇਸ ਦੀ ਇਕ ਯਾਦਗੀਰੀ ਦਾ ਕੰਮ ਕਰਦੇ ਸਨ ਕਿ ਧਰਤੀ ਉੱਤੇ ਜੋ ਡੇਹਰਾ ਹੈ ਉਹ ਸੁਰਗੀ ਡੇਹਰੇ ਦਾ ਨੁਮਇੰਦਾ ਹੈ।"[6]

## ਪੜਦਾ, ਅੰਦਰਲਾ ਪੜਦਾ (26:31-35)

**31ਤੂੰ ਨੀਲੇ ਬੈਂਗਣੀ ਅਰ ਕਿਰਮਚੀ ਅਤੇ ਮਹੀਨ ਉਣੇ ਹੋਏ ਕਤਾਨ ਦਾ ਇੱਕ ਪੜਦਾ ਬਣਾਈਂ।
ਉਹ ਕਾਰੀਗਰ ਦਾ ਕੰਮ ਹੋਵੇ ਅਤੇ ਕਰੂਬੀਆਂ ਨਾਲ ਬਣਾਇਆ ਜਾਵੇ। 32ਤੂੰ ਉਸ ਨੂੰ ਸ਼ਿੱਟੀਮ ਦੀ
ਲੱਕੜੀ ਦੀਆਂ ਸੋਨੇ ਨਾਮ ਮੜ੍ਹੀਆਂ ਹੋਈਆਂ ਚੌਂਹ ਥੰਮ੍ਹੀਆਂ ਉੱਤੇ ਲਮਕਾਵੀਂ ਅਰ ਉਨ੍ਹਾਂ ਦੇ ਕੁੰਡੇ ਸੋਨੇ
ਦੇ ਹੋਣ ਅਰ ਓਹ ਚਾਂਦੀ ਦੀਆਂ ਚੌਂਹ ਚੀਥੀਆਂ ਉੱਤੇ ਹੋਣ। 33ਤੂੰ ਪੜਦੇ ਨੂੰ ਕੁੰਡੀਆਂ ਦੇ ਹੇਠ
ਲੰਮਕਾਵੀਂ ਅਰ ਤੂੰ ਉੱਥੇ ਉਸ ਪੜਦੇ ਦੇ ਅੰਦਰ ਸਾਖੀ ਦੇ ਸੰਦੂਕ ਨੂੰ ਲਿਆਵੀਂ ਅਤੇ ਏਹ ਪੜਦਾ
ਤੁਹਾਡੇ ਲਈ ਪਵਿੱਤ੍ਰ ਅਸਥਾਨ ਨੂੰ ਅੱਤ ਪਵਿੱਤ੍ਰ ਅਸਥਾਨ ਤੋਂ ਵੱਖਰਾ ਕਰੇਗਾ। 34ਤੂੰ ਪਰਾਸਚਿਤ
ਦਾ ਸਰਪੋਸ਼ ਸਾਖੀ ਦੇ ਸੰਦੂਕ ਉੱਤੇ ਅੱਤ ਪਵਿੱਤ੍ਰ ਅਸਥਾਨ ਵਿੱਚ ਰੱਖੀਂ। 35ਤੂੰ ਮੇਜ਼ ਪੜਦੇ ਦੇ ਬਾਹਰ
ਅਤੇ ਮੇਜ਼ ਦੇ ਸਾਹਮਣੇ ਸ਼ਮਾਦਾਨ ਡੇਹਰੇ ਦੇ ਦੱਖਣ ਦੇ ਪਾਸੇ ਵੱਲ ਰੱਖੀਂ ਅਰ ਮੇਜ਼ ਉੱਤਰ ਦੇ ਪਾਸੇ
ਵੱਲ।**

**ਆਇਤ 31.** ਇਹ ਅਧਿਆਇ ਦੋ ਪੜਦਿਆਂ ਨੂੰ ਬਣਾਉਣ ਦੀਆਂ ਹਦਾਇਤਾਂ ਦੇ ਨਾਲ ਖਤਮ ਹੁੰਦਾ ਹੈ, ਜੋ ਡੇਹਰੇ ਨੂੰ ਪੂਰਾ ਕਰਨ ਦੇ ਲਈ ਜ਼ਰੂਰੀ ਸਨ। ਪਹਿਲਾ **ਪੜਦਾ** ਪਵਿੱਤਰ ਅਸਥਾਨ ਨੂੰ ਅੱਤ ਪਵਿੱਤਰ ਅਸਥਾਨ ਤੋਂ ਵੱਖਰਾ ਕਰਦਾ ਸੀ। ਇਹ **ਨੀਲੇ ਬੈਂਗਣੀ ਅਰ ਕਿਰਮਚੀ ਅਤੇ ਮਹੀਨ ਉਣੇ ਹੋਏ ਕਤਾਨ** ਨਾਲ ਬਣਾਇਆ ਜਾਣਾ ਸੀ, ਉਹੀ ਸਮੱਗਰੀ ਜੋ ਪਹਿਲੇ ਪੜਦੇ ਨੂੰ ਬਣਾਉਣ ਦੇ ਲਈ ਵਰਤੀ ਗਈ ਸੀ। ਪਹਿਲੇ ਪੜਦੇ ਦੇ ਵਾਂਗ, ਇਹ **ਕਰੂਬੀਆਂ** ਦੀਆਂ ਮੂਰਤਾਂ ਵਿਚ ਬੁਣਿਆ ਜਾਣਾ ਸੀ।

**ਆਇਤ 32.** ਪੜਦਾ **ਸ਼ਿੱਟੀਮ ਦੀ ਲੱਕੜੀ ਦੀਆਂ ਸੋਨੇ ਨਾਲ ਮੜ੍ਹੀਆਂ ਹੋਈਆਂ ਚੌਂਹ ਥੰਮ੍ਹੀਆਂ** ਤੇ ਲਮਕੇਗਾ। ਜੇਕਰ ਇਹ ਥੰਮ੍ਹੀਆਂ ਪਾਸਿਆਂ ਤੋਂ ਅਤੇ ਇਕ ਦੂਜੇ ਤੋਂ ਦੂਰੀ ਤੇ ਰੱਖੀਆਂ ਗਈਆਂ ਸਨ, ਉਨ੍ਹਾਂ ਦੇ ਵਿਚਕਾਰ ਦੀ ਦੂਰੀ ਦੋ ਹੱਥ, ਜਾਂ ਲਗਭਗ ਇਕ ਗਜ ਹੋਵੇਗੀ। ਇਨ੍ਹਾਂ ਥੰਮ੍ਹੀਆਂ ਦੇ **ਕੁੰਡੇ** ਹੋਣੇ ਸਨ ਅਤੇ ਉਹ **ਚਾਂਦੀ ਦੀਆਂ ਚੀਥੀਆਂ** ਵਿਚ ਲੱਗੇ ਹੋਣੇ ਸਨ।

**ਆਇਤਾਂ 33-35. ਪੜਦਾ ਕੁੰਡੀਆਂ ਦੇ ਹੇਠ** ਲਮਕਿਆ ਹੋਣਾ ਸੀ - ਪਰਤੱਖ ਰੂਪ ਵਿਚ ਉਨ੍ਹਾਂ ਕੁੰਡੀਆਂ ਦੀ ਵਰਤੋਂ ਕਰਦਿਆਂ ਜਿਨ੍ਹਾਂ ਦਾ ਹਵਾਲਾ ਆਇਤ 32 ਵਿਚ ਦਿੱਤਾ ਗਿਆ ਸੀ - **ਪਵਿੱਤ੍ਰ ਅਸਥਾਨ ਨੂੰ ਅੱਤ ਪਵਿੱਤ੍ਰ ਅਸਥਾਨ ਤੋਂ ਵੱਖਰਾ ਕਰਨ** ਦੇ ਲਈ। "ਪਵਿੱਤ੍ਰ ਅਸਥਾਨ" ਇਬਰਾਨੀ ਵਿਚ (קֹדֶשׁ הַקֳּדָשִׁים, *ਕੋਦੇਸ਼ ਹੱਕਾਦਾਸ਼ਿਮ)* ਅਧਿਕਤਮ ਅਵਸਥਾ ਨੂੰ ਪਰਗਟ ਕਰਨ ਦਾ ਇਕ ਆਮ ਤਰੀਕਾ ਸੀ। ਇਸ ਲਈ, "ਪਵਿੱਤ੍ਰ ਅਸਥਾਨ" ਦਾ ਅਰਥ "ਅੱਤ ਪਵਿੱਤ੍ਰ" ਹੁੰਦਾ ਹੈ ਜਿਵੇਂ ਕਿ "ਰਾਜਿਆਂ ਦਾ ਰਾਜਾ" ਦਾ ਅਰਥ "ਸਭ ਤੋਂ ਵੱਡਾ ਰਾਜਾ" ਹੁੰਦਾ ਹੈ।

ਦੋ ਪੜਦਿਆਂ ਨੂੰ ਬਣਾਉਣ ਲਈ ਦਿੱਤੀਆਂ ਗਈਆਂ ਹਦਾਇਤਾਂ **ਡੇਹਰੇ** ਦੇ ਅੰਦਰ ਸਮਾਨ ਨੂੰ ਰੱਖਣ ਦੀ ਥਾਂ ਬਾਰੇ ਵੀ ਦੱਸਦੀਆਂ ਹਨ। ਮੂਸਾ ਅਤੇ ਇਸਰਾਏਲੀਆਂ ਨੂੰ ਅੱਤ ਪਵਿੱਤਰ ਅਸਥਾਨ ਵਿਚ **ਸਾਖੀ ਦੇ ਸੰਦੂਕ ਨੂੰ ਲਿਆ ਕੇ ਪਰਾਸਚਿਤ ਦਾ ਸਰਪੋਸ਼ ਸਾਖੀ ਦੇ ਸੰਦੂਕ ਉੱਤੇ ਰੱਖਣ** ਅਤੇ ਪਵਿੱਤਰ ਅਸਥਾਨ ਵਿਚ **ਮੇਜ਼** ਅਤੇ **ਸ਼ਮਾਦਾਨ** ਰੱਖਣ ਦੀ ਹਦਾਇਤ ਦਿੱਤੀ ਸੀ।

ਉਹ ਪੜਦਾ ਜਿਹੜਾ ਪਵਿੱਤਰ ਅਸਥਾਨ ਅਤੇ ਅੱਤ ਪਵਿੱਤਰ ਅਸਥਾਨ ਨੂੰ ਵੱਖਰਾ ਕਰਦਾ ਸੀ ਸਾਲ ਵਿਚ ਸਿਰਫ ਇੱਕ ਵਾਰ ਉਠਾਇਆ ਜਾਂਦਾ ਸੀ ਜੋ ਇਸ ਗੱਲ ਤੇ ਜ਼ੋਰ ਦਿੰਦਾ ਸੀ ਕਿ ਪਰਮੇਸ਼ੁਰ ਦੀ ਪਵਿੱਤਰਤਾ ਦੇ ਕਾਰਨ ਉਸ ਦੇ ਕੋਲ ਕੋਈ ਨਹੀਂ ਜਾ ਸਕਦਾ। ਅੱਤ ਪਵਿੱਤਰ ਅਸਥਾਨ ਦਾ ਅਨ੍ਹੇਰਾ ਅਤੇ ਸ਼ਾਂਤੀ, ਜਿਵੇਂ ਕਿ ਪੜਦੇ ਦੁਆਰਾ ਦੱਸਿਆ ਗਿਆ ਸੀ, ਜ਼ਰੂਰੀ ਭੇਤ ਅਤੇ ਪਰਮੇਸ਼ੁਰ ਦੀ ਸਰੇਸ਼ਠਤਾ ਦੀ ਗੱਲ ਕਰਦੀ ਸੀ। ਇਸ ਦੇ ਨਾਲ ਹੀ, ਇਹ ਸ਼ਾਂਤੀ ਖੁਸ਼ਖ਼ਬਰੀ ਦਾ ਐਲਾਨ ਕਰਦੀ ਸੀ ਕਿ ਰਚਨਾ ਦੇ ਪਰਮੇਸ਼ੁਰ ਨੇ ਅੱਤ ਪਵਿੱਤਰ ਅਸਥਾਨ ਵਿਚ ਆਪਣੇ ਲੋਕਾਂ

ਨਾਲ ਹਾਜ਼ਰ ਹੋਣਾ ਚੁਣਿਆ ਸੀ। ਹਾਲਾਂਕਿ ਉਹ ਅਦ੍ਰਿਸ਼ ਸੀ, ਪਰ ਹੈ ਉੱਥੇ ਹੀ। ਜੇਮਸ ਬਰਟਨ ਕੌਫਮੈਨ ਨੇ ਲਿਖਿਆ,

> ਪੜਦਾ [ਪੁਰਾਣੇ ਨੇਮ ਦੇ] ਭੇਤਾਂ ਦਾ [ਪ੍ਰਤੀਕ] ਹੈ। ਪੜਦੇ ਦਾ ਉਦੇਸ਼ ਲੁਕਾਉਣਾ, ਛੁਪਾਉਣਾ, ਜਾਣ ਤੋਂ ਰੋਕਣਾ ਸੀ ਅਤੇ ਜਦੋਂ ਤੱਕ ਪੜਦਾ ਲੱਗਾ ਰਿਹਾ ਸੀ, [ਪੁਰਾਣੇ ਨੇਮ] ਦੀਆਂ ਬਹੁਤ ਸਾਰੀਆਂ ਸਪੱਸ਼ਟ ਸਿੱਖਿਆਵਾਂ ਅਨ੍ਹੇਰੇ ਵਿਚ ਗੁਪਤ ਰਹਿਣੀਆਂ। ਪੜਦਾ ਮਸੀਹ ਦਾ ਦੋਹਰਾ ਪ੍ਰਤੀਕ ਹੈ; ਜਦੋਂ ਤੱਕ ਇਹ ਬਰਕਰਾਰ ਰਿਹਾ ਇਹ *ਵਾਅਦਾ ਕੀਤੇ ਹੋਏ* ਮਸੀਹ ਨੂੰ ਦਰਸਾਉਂਦਾ ਸੀ; ਪਰ ਜਦੋਂ ਇਹ ਸਾਡੇ ਪ੍ਰਭੂ ਯਿਸੂ ਦੇ ਸਲੀਬ ਉੱਤੇ ਚੜ੍ਹਾਏ ਜਾਣ ਸਮੇਂ ਉੱਪਰ ਤੋਂ ਲੈ ਕੇ ਥੱਲੇ ਤੱਕ ਪਾਟ ਗਿਆ, *ਉਦੋਂ* ਇਹ *ਪਰਗਟ ਕੀਤੇ ਗਏ* ਮਸੀਹ ਨੂੰ ਦਰਸਾਉਂਦਾ ਸੀ।[7]

ਕੌਫਮੈਨ ਅੱਗੇ ਵਿਸਤਾਰ ਨਾਲ ਪੜਦੇ ਦੀ ਪ੍ਰਤੀਕਾਤਮਕ ਮਹੱਤਤਾ ਤੇ ਚਰਚਾ ਕਰਦਾ ਗਿਆ,[8] ਵਿਸ਼ੇਸ਼ ਕਰਕੇ ਉਸ ਤੱਥ ਦਾ ਹਵਾਲਾ ਦਿੰਦਿਆਂ ਕਿ ਜਦੋਂ ਮਸੀਹ ਮਰਿਆ, "ਹੈਕਲ ਦਾ ਪੜਦਾ ਉੱਪਰੋਂ ਲੈਕੇ ਹੇਠਾਂ ਤਾਈਂ ਪਾਟ ਕੇ ਦੋ ਹੋ ਗਿਆ" (ਮੱਤੀ 27:51)।

## ਪੜਦਾ, ਬਾਹਰਲਾ ਪੜਦਾ (26:36, 37)

**[36]ਤੂੰ ਤੰਬੂ ਦੇ ਦਰਵੱਜੇ ਲਈ ਇੱਕ ਓਟ ਨੀਲੇ ਬੈਂਗਣੀ ਅਰ ਕਿਰਮਚੀ ਰੰਗ ਦੇ ਮਹੀਨ ਉਣੇ ਹੋਏ ਕਤਾਨ ਬਣਾਈਂ। ਏਹ ਕਸੀਦੇਕਾਰ ਦਾ ਕੰਮ ਹੋਵੇ। [37]ਤੂੰ ਓਟ ਪੰਜ ਥੰਮ੍ਹੀਆਂ ਸ਼ਿੱਟੀਮ ਦੀਆਂ ਬਣਾਈਂ ਅਤੇ ਉਨ੍ਹਾਂ ਨੂੰ ਸੋਨੇ ਨਾਲ ਮੜ੍ਹੀਂ ਅਰ ਉਨ੍ਹਾਂ ਦੇ ਕੁੰਡੇ ਸੋਨੇ ਦੇ ਹੋਣ ਅਰ ਤੂੰ ਉਨ੍ਹਾਂ ਲਈ ਪੰਜ ਚੀਥੀਆਂ ਪਿੱਤਲ ਦੀਆਂ ਢਾਲੀਂ।**

**ਆਇਤ 36.** ਦੂਜੇ ਪੜਦੇ ਦਾ ਵਰਣਨ ਅਧਿਆਇ ਦੀਆਂ ਆਖ਼ਰੀ ਦੋ ਆਇਤਾਂ ਵਿਚ ਕੀਤਾ ਗਿਆ ਹੈ। ਇਹ ਪੜਦਾ ਸੀ, ਜਾਂ ਤੰਬੂ ਦੇ **ਦਰਵੱਜੇ ਲਈ ਇੱਕ ਓਟ** ਸੀ - ਇਕ ਭਾਵ ਵਿਚ "ਬੂਹਾ" ਸੀ। ਇਹ ਉਸੇ ਕਿਸਮ ਦੀ ਸਮੱਗਰੀ ਦੇ ਨਾਲ ਬਣਾਇਆ ਜਾਣਾ ਸੀ ਜਿਹੜੀ ਅੰਦਰਲੇ ਪੜਦੇ ਦੇ ਲਈ ਵਰਤੀ ਗਈ ਸੀ।

**ਆਇਤ 37.** ਇਹ **ਸ਼ਿੱਟੀਮ ਦੀਆਂ ਪੰਜ ਥੰਮ੍ਹੀਆਂ** ਤੇ ਬਣੇ ਕੁੰਡਿਆਂ ਨਾਲ ਲਮਕਾਇਆ ਜਾਣਾ ਸੀ ਜੋ ਕਿ **ਪਿੱਤਲ ਦੇ ਕੁੰਡੇ** ਸਨ। ਥੰਮ੍ਹੀਆਂ ਅਤੇ ਕੁੰਡੇ **ਸੋਨੇ** ਨਾਲ ਮੜ੍ਹੇ ਜਾਣੇ ਸਨ। ਜੇਕਰ ਇਨ੍ਹਾਂ ਥੰਮ੍ਹੀਆਂ ਨੂੰ ਡੇਹਰੇ ਦੇ ਪਾਸਿਆਂ ਵੱਲੋਂ ਇਕ ਦੂਜੇ ਤੋਂ ਬਰਾਬਰ ਤੇ ਸੈੱਟ ਕੀਤਾ ਜਾਂਦਾ, ਉਹ ਲਗਭਗ ਤੀਹ ਇੰਚ ਵੱਖਰੇ ਹੋਣੇ ਸਨ।

ਬਾਹਰਲਾ ਪੜਦਾ ਡੇਹਰੇ ਦੇ ਵਿਚ ਵੜਨ ਦੇ ਦਰਵੱਜੇ ਅਤੇ ਓਟ ਵਜੋਂ ਕੰਮ ਕਰਦਾ ਸੀ, ਦੋਵੇਂ ਹੀ ਕਿਸੇ ਅਣਅਧਿਕਾਰਕ ਵਿਅਕਤੀ ਨੂੰ ਪਵਿੱਤਰ ਅਸਥਾਨ ਵਿਚ ਦਾਖਲ ਹੋਣ ਅਤੇ ਉਨ੍ਹਾਂ ਪਵਿੱਤਰ ਰਸਮਾਂ ਨੂੰ ਵੇਖਣ ਜਾਂ ਉਨ੍ਹਾਂ ਵਿਚ ਹਿੱਸਾ ਲੈਣ ਤੋਂ ਰੋਕਦੇ ਸਨ ਜੋ ਡੇਹਰੇ ਦੀ ਅੰਦਰ ਹੁੰਦੀਆਂ ਸਨ। ਲਿਖਤ ਇਸ ਪੜਦੇ ਦੇ ਲਈ ਕਿਸੇ ਪ੍ਰਤੀਕਾਤਮਕ ਮਹੱਤਵ ਦਾ ਕਾਰਣ ਨਹੀਂ ਦੱਸਦੀ; ਪਰ ਇਹ ਮਹੱਤਵਪੂਰਣ ਹੋਵੇਗਾ, ਕਿਉਂਕਿ ਇਹ ਉਸੇ ਸਮੱਗਰੀ ਦਾ ਬਣਾਇਆ ਗਿਆ ਸੀ ਜੋ ਪਵਿੱਤਰ ਅਸਥਾਨ ਨੂੰ ਅੱਤ ਪਵਿੱਤਰ ਅਸਥਾਨ ਤੋਂ ਵੱਖਰਾ ਕਰਦੀ ਸੀ। ਮਸੀਹੀ ਲੋਕਾਂ ਦੇ ਲਈ, ਜੇਕਰ ਪਵਿੱਤਰ ਅਸਥਾਨ ਕਲੀਸੀਆ ਦਾ ਪ੍ਰਤੀਕ ਸੀ, ਇਹ ਓਟ ਕਲੀਸੀਆ ਵਿਚ ਵੜਨ ਵਾਲੇ "ਦਰਵੱਜੇ" ਅਰਥਾਤ ਨਿਹਚਾ, ਤੋਬਾ ਅਤੇ ਬਪਤਿਸਮੇ ਦਾ ਪ੍ਰਤੀਕ ਹੋ ਸਕਦਾ ਹੈ। ਜਦੋਂ ਲੋਕ ਮਸੀਹ ਵਿਚ ਬਪਤਿਸਮਾ ਲੈ ਲੈਂਦੇ ਹਨ, ਉਹ ਕਲੀਸੀਆ ਅਰਥਾਤ ਮਸੀਹ ਦੀ ਦੇਹ ਵਿਚ ਮਿਲਾਏ ਜਾਂਦੇ ਹਨ (ਰਸੂਲਾਂ ਦੇ ਕਰਤੱਬ 2:47; 1 ਕੁਰਿੰਥੀਆਂ 12:13; ਗਲਾਤੀਆਂ 3:26, 27)।

ਲਿਖਤ ਨੇ ਜੋ ਪ੍ਰਭਾਵ ਛੱਡਿਆ ਹੈ ਉਹ ਇਹ ਹੈ ਕਿ ਇਕ ਵਾਰ ਜਦੋਂ ਸਾਰੀ ਸਮੱਗਰੀ ਇਕੱਠੀ ਕਰ ਲਈ ਗਈ, ਡੇਹਰੇ ਦੇ ਇਕ ਇਕ ਹਿੱਸੇ ਨੂੰ ਬਣਾਇਆ ਜਾਣਾ ਸੀ। ਫਿਰ, ਜਦੋਂ ਸਭ ਕੁਝ ਤਿਆਰ ਸੀ, ਥੋੜ੍ਹੇ ਸਮੇਂ ਵਿਚ ਹੀ ਡੇਹਰੇ ਨੂੰ ਬਣਾਇਆ ਜਾ ਸਕਦਾ ਸੀ। ਬਣੀ ਹੋਈ ਇਮਾਰਤ ਨੂੰ ਇਕੱਠਾ ਕਰਨਾ ਅਪੂਰਣ ਆਧੁਨਿਕ ਉਦਾਹਰਣ ਹੈ। ਡੇਹਰੇ ਨੂੰ ਇਕ ਥਾਂ ਤੋਂ ਦੂਜੇ ਥਾਂ ਤੇ ਲਿਜਾਇਆ ਜਾਣਾ ਸੀ, ਇਸ ਲਈ ਇਹ ਇਸ ਤਰੀਕੇ ਨਾਲ ਬਣਾਇਆ ਗਿਆ ਸੀ ਕਿ ਇਸ ਨੂੰ ਇਕੱਠਾ ਕਰਕੇ ਫੇਰ ਖੜ੍ਹਾ ਕੀਤਾ ਜਾ ਸਕਦਾ ਸੀ। ਕੂਚ ਦੀ ਪੁਸਤਕ ਦੱਸਦੀ ਹੈ - ਕਿ ਦਰਅਸਲ ਇਵੇਂ ਹੀ ਹੋਇਆ (ਅਧਿਆਇ 40)।

# ਪ੍ਰਾਸੰਗਿਕਤਾ

**"ਡੇਹਰੇ ਦਾ ਪਰਮੇਸ਼ੁਰ" (ਅਧਿਆਇ 26)**

ਬਾਈਬਲ ਉਹ ਪੁਸਤਕ ਹੈ ਜੋ ਪਰਮੇਸ਼ੁਰ ਦੇ ਬਾਰੇ ਹੈ। ਇਹ ਸੱਚ ਹੈ ਕਿ ਇਹ ਮਨੁੱਖ ਦੇ ਬਾਰੇ ਦੱਸਦੀ ਹੈ - ਮਨੁੱਖ ਕਿੱਥੋਂ ਆਇਆ, ਉਹ ਇੱਥੇ ਧਰਤੀ ਉੱਤੇ ਕੀ ਕਰ ਰਿਹਾ ਹੈ ਅਤੇ ਉਹ ਕਿੱਧਰ ਨੂੰ ਜਾ ਰਿਹਾ ਹੈ - ਪਰ ਮੁੱਖ ਤੌਰ ਤੇ ਪਰਮੇਸ਼ੁਰ ਦੇ ਬਾਰੇ ਹੈ। ਇਹ ਸਾਡੇ ਉੱਤੇ ਪਰਮੇਸ਼ੁਰ ਨੂੰ ਪਰਗਟ ਕਰਨਾ ਚਾਹੁੰਦੀ ਹੈ ਤਾਂ ਕਿ ਅਸੀਂ ਉਸ ਦੀ ਬੰਦਗੀ ਅਤੇ ਹੁਣ ਅਤੇ ਹਮੇਸ਼ਾ ਦੇ ਲਈ ਉਸ ਦੀ ਸੇਵਾ ਕਰ ਸਕੀਏ।

ਇਸ ਲਈ, ਜਦੋਂ ਅਸੀਂ ਡੇਹਰੇ ਨੂੰ ਬਣਾਉਣ ਦੇ ਲਈ ਹਦਾਇਤਾਂ ਦੇ ਬਾਰੇ ਪੜ੍ਹਦੇ ਹਾਂ, ਉਹ ਨਾ ਸਿਰਫ ਸਾਨੂੰ ਡੇਹਰੇ ਦੇ ਬਾਰੇ ਦੱਸਦੀਆਂ ਹਨ, ਪਰ ਉਹ ਸਾਨੂੰ ਪਰਮੇਸ਼ੁਰ ਦੇ ਬਾਰੇ ਵੀ ਕੁਝ ਦੱਸਦੀਆਂ ਸਨ। ਪਰਮੇਸ਼ੁਰ ਜੋ ਕਰਦਾ ਹੈ ਅਤੇ ਉਹ ਸਾਡੇ ਕੋਲੋਂ ਜੋ ਕਰਾਉਣ ਦੀ ਮੰਗ ਕਰਦਾ ਹੈ ਉਸ ਤੋਂ ਅਸੀਂ ਪਰਮੇਸ਼ੁਰ ਨੂੰ ਜਾਣ ਸਕਦੇ ਹਾਂ, ਜਿਵੇਂ ਕਿ ਅਸੀਂ ਉਸ ਤੋਂ ਪਰਮੇਸ਼ੁਰ ਨੂੰ ਜਾਣ ਸਕਦੇ ਹਾਂ ਜੋ ਉਹ ਆਪਣੇ ਆਪ ਦੇ ਬਾਰੇ ਕਹਿੰਦਾ ਹੈ।

"ਡੇਹਰੇ ਦਾ ਪਰਮੇਸ਼ੁਰ" ਕਿਸ ਤਰ੍ਹਾਂ ਦਾ ਹੈ? ਇਸ ਪੇਸ਼ਕਾਰੀ ਵਿਚ ਅਸੀਂ ਪਰਮੇਸ਼ੁਰ ਦੀਆਂ ਸਭ ਤੋਂ ਸਪੱਸ਼ਟ ਵਿਸ਼ੇਸ਼ਤਾਵਾਂ ਤੇ ਧਿਆਨ ਕੇਂਦਰਿਤ ਨਹੀਂ ਕਰਾਂਗੇ, ਹਾਲਾਂਕਿ ਡੇਹਰਾ ਉਨ੍ਹਾਂ ਨੂੰ ਪਰਗਟ ਕਰਦਾ ਹੈ। ਉਦਾਹਰਣ ਦੇ ਲਈ, ਡੇਹਰਾ ਸਾਨੂੰ ਪਰਮੇਸ਼ੁਰ ਦੀ ਪਵਿੱਤਰਤਾ ਅਤੇ ਉਸ ਦੀ ਵਿਆਪਕਤਾ ਅਤੇ ਉਸ ਦੀ ਉੱਤਮਤਾ ਦੋਹਾਂ ਬਾਰੇ ਸਿੱਖਿਆ ਦਿੰਦਾ ਹੈ। ਪਰ, ਅਸੀਂ ਪਰਮੇਸ਼ੁਰ ਦੇ ਚਰਿੱਤਰ ਦੇ ਕੁਝ ਪਹਿਲੂਆਂ ਤੇ ਨਜ਼ਰ ਮਾਰਾਂਗੇ ਜੋ ਕੂਚ 26 ਅਧਿਆਇ ਵਿਚ ਪਾਏ ਜਾਣ ਵਾਲੇ ਡੇਹਰੇ ਦੇ ਵੇਰਵਿਆਂ ਦੁਆਰਾ ਪਰਗਟ ਕੀਤੇ ਗਏ ਹਨ। ਪਰਮੇਸ਼ੁਰ ਦੇ ਗੁਣ ਉਸ ਦੇ ਬਾਰੇ ਕੁਝ ਕਹਿੰਦੇ ਹਨ ਜੋ ਸਾਨੂੰ ਹੋਣਾ ਚਾਹੀਦਾ ਹੈ, ਕਿਉਂਕਿ ਅਸੀਂ ਉਸ ਦੇ ਸੁਭਾਉ ਨੂੰ ਪਹਿਨਣਾ ਹੈ (2 ਪਤਰਸ 1:4) ਅਤੇ ਉਸ ਦੀ ਰੀਸ ਕਰਨ ਵਾਲੇ ਬਣਨਾ ਹੈ (ਅਫ਼ਸੀਆਂ 5:1)।

*ਉਹ ਤਰਤੀਬ ਦਾ ਪਰਮੇਸ਼ੁਰ ਹੈ।* ਅਧਿਆਇ 26 ਡੇਹਰੇ ਨੂੰ ਢੱਕਣ ਦੇ ਲਈ ਪੜਦਿਆਂ ਨੂੰ ਬਣਾਉਣ ਦੇ ਲਈ ਸਚੇਤ ਹਦਾਇਤਾਂ ਦਿੰਦਾ ਹੈ। ਪਰਮੇਸ਼ੁਰ ਨੇ ਮੂਸਾ ਨੂੰ ਦੱਸਿਆ ਕਿ ਉਹ ਕਿੰਨੇ ਲੰਮੇ ਅਤੇ ਕਿੰਨੇ ਚੌੜੇ ਹੋਣੇ ਚਾਹੀਦੇ ਸਨ, ਉਨ੍ਹਾਂ ਨੂੰ ਕਿਵੇਂ ਲਗਾਉਣਾ ਸੀ ਅਤੇ ਉਹ ਤੰਬੂ ਦੇ ਢਾਂਚੇ ਤੇ ਕਿਵੇਂ ਲਗਾਏ ਜਾਣੇ ਸਨ। ਡੇਹਰੇ ਦੇ ਦੂਜੇ ਹਿੱਸਿਆਂ ਨੂੰ ਬਣਾਉਣ ਦੇ ਲਈ ਵੀ ਇਸੇ ਤਰ੍ਹਾਂ ਵੇਰਵੇ ਸਹਿਤ ਹਦਾਇਤਾਂ ਦਿੱਤੀਆਂ ਗਈਆਂ ਸਨ। ਪਰਮੇਸ਼ੁਰ ਇਸਰਾਏਲ ਦੀ ਰਚਨਾ ਤੋਂ ਇਕ ਅਜਿਹਾ ਢਾਂਚਾ ਖੜ੍ਹਾ ਕਰਨਾ ਚਾਹੁੰਦਾ ਸੀ ਜੋ ਉਸ ਤਰਤੀਬ ਨੂੰ ਦਿਖਾਵੇ ਜੋ ਉਸ ਦੇ ਸੁਭਾਉ ਦਾ ਇਕ ਹਿੱਸਾ ਹੈ। ਬੇਸ਼ੱਕ, ਸਾਨੂੰ ਇਸ ਗੱਲ ਤੋਂ ਹੈਰਾਨ ਨਹੀਂ ਹੋਣਾ ਚਾਹੀਦਾ ਕਿ ਡੇਹਰੇ ਲਈ ਦਿੱਤੀਆਂ ਗਈਆਂ

ਹਦਾਇਤਾਂ ਵਿਚ ਉਹ ਤਰਤੀਬ ਪਰਗਟ ਹੁੰਦੀ ਹੈ, ਕਿਉਂਕਿ ਪਰਮੇਸ਼ੁਰ ਨੇ ਅਜਿਹੇ ਸੰਸਾਰ ਨੂੰ ਬਣਾਇਆ ਅਤੇ ਰਚਿਆ ਹੈ ਜੋ ਤਰਤੀਬ ਅਨੁਸਾਰ ਹੈ। ਜਿਵੇਂ ਲੋਕ ਪਰਮੇਸ਼ੁਰ ਦੇ ਸਰੂਪ ਤੇ ਬਣਾਏ ਗਏ ਹਨ, ਅਸੀਂ ਇਸ ਗੱਲ ਵਿਚ ਉਸ ਵਰਗੇ ਬਣਨਾ ਹੈ ਜਿਸ ਨਾਲ ਅਸੀਂ ਨਿਰੰਤਰ ਕੰਮ ਕਰਕੇ ਗੜਬੜ ਪੈਦਾ ਨਾ ਕਰੀਏ ਪਰ ਸਭ ਤਰਤੀਬ ਅਨੁਸਾਰ ਕਰੀਏ। ਪਰਮੇਸ਼ੁਰ ਦੇ ਇਸ ਗੁਣ ਦੇ ਚਾਨਣ ਵਿਚ, ਸਾਨੂੰ ਸਭ ਗੱਲਾਂ ਤਰਤੀਬ ਅਨੁਸਾਰ ਕਰਨ ਦੀ ਲੋੜ ਹੈ (1 ਕੁਰਿੰਥੀਆਂ 14:33)।

*ਉਹ ਸੁੰਦਰਤਾ ਦਾ ਪਰਮੇਸ਼ੁਰ ਹੈ।* ਡੇਹਰਾ ਸੁੰਦਰ ਨਾਲੇ ਉਪਯੋਗੀ ਬਣਨਾ ਸੀ। ਪੜਦੇ ਜਿਨ੍ਹਾਂ ਨਾਲ ਉਹ ਤੰਬੂ ਢੱਕਿਆ ਗਿਆ ਸੀ ਰੰਗਦਾਰ ਸਮੱਗਰੀ ਦੇ ਬਣੇ ਸਨ ਅਤੇ ਕੱਪੜੇ ਵਿਚ ਕਰੂਬੀਆਂ ਦੀ ਕਾਰੀਗਰੀ ਕੀਤੀ ਗਈ ਸੀ (26:1)। ਡੇਹਰੇ ਦੇ ਜ਼ਰੂਰੀ ਕੰਮਾਂ ਨੂੰ ਪੂਰਾ ਕਰਨ ਦੇ ਲਈ ਨਾ ਤਾਂ ਰੰਗ ਨਾ ਹੀ ਕਰੂਬੀ ਜ਼ਰੂਰੀ ਸਨ; ਉਹ ਸੁੰਦਰਤਾ ਅਤੇ ਉਪਯੋਗਤਾ ਦੇ ਲਈ ਬਣਾਏ ਗਏ ਸਨ। ਡੇਹਰੇ ਨੂੰ ਬਣਾਉਣ ਦੇ ਲਈ ਜਿਸ ਸੋਨੇ, ਚਾਂਦੀ ਅਤੇ ਪਿੱਤਲ ਦੀ ਵਰਤੋਂ ਕੀਤੀ ਗਈ ਸੀ ਉਹ ਬੇਸ਼ੱਕ ਡੇਹਰੇ ਦੀ ਸੁੰਦਰਤਾ ਨੂੰ ਵਧਾਉਂਦੇ ਸਨ। ਇਕ ਵਾਰ ਫੇਰ, ਡੇਹਰੇ ਦਾ ਸੋਹਣਾ ਰੂਪ ਸਾਡੇ ਲਈ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਣੀ ਚਾਹੀਦੀ, ਕਿਉਂਕਿ ਪਰਮੇਸ਼ੁਰ ਨੇ ਅਜਿਹੇ ਸੁੰਦਰ ਸੰਸਾਰ ਨੂੰ ਬਣਾਇਆ ਹੈ। ਮਨੁੱਖਜਾਤੀ ਉਸ ਦੇ ਲਈ ਪਰਮੇਸ਼ੁਰ ਦੀ ਪ੍ਰਸ਼ੰਸਾ ਨੂੰ ਪਰਗਟ ਕਰਦੀ ਹੈ ਜੋ ਸੁੰਦਰ ਹੈ; ਹਰ ਥਾਂ ਲੋਕ ਕਲਾਤਮਕ ਕੋਸ਼ਿਸ਼ਾਂ ਵਿਚ ਸ਼ਾਮਲ ਹੋ ਚੁੱਕੇ ਹਨ। ਕਿਉਂਕਿ ਪਰਮੇਸ਼ੁਰ ਸੁੰਦਰਤਾ ਵਿਚ ਦਿਲਚਸਪੀ ਰੱਖਦਾ ਹੈ, ਮਸੀਹੀ ਲੋਕਾਂ ਨੂੰ ਕਲਾ ਅਤੇ ਸੁੰਦਰਤਾ ਨੂੰ ਤੁੱਛ ਨਹੀਂ ਜਾਣਨਾ ਚਾਹੀਦਾ ਹੈ। ਪਰ, ਸਭ ਤੋਂ ਵੱਧ ਕੇ, ਸਾਨੂੰ ਪਰਮੇਸ਼ੁਰ ਨੂੰ ਦਿੱਤੀ ਗਈ ਰੂਹ ਦੀ ਸੁੰਦਰਤਾ ਨੂੰ ਭਾਲਣਾ ਅਤੇ ਉਸ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ (1 ਪਤਰਸ 3:1-4)।

*ਉਹ ਉਪਯੋਗਤਾ ਦਾ ਪਰਮੇਸ਼ੁਰ ਹੈ।* ਡੇਹਰਾ ਸਿਰਫ ਵੇਖਣ ਲਈ ਜਾਂ ਪ੍ਰਸ਼ੰਸਾ ਕਰਨ ਦੇ ਲਈ ਨਹੀਂ ਸੀ ਬਣਾਇਆ ਗਿਆ। ਇਹ ਪਰਮੇਸ਼ੁਰ ਦੀ ਬੰਦਗੀ ਲਈ ਇਸਤੇਮਾਲ ਕਰਨ ਵਾਸਤੇ ਬਣਾਇਆ ਗਿਆ ਸੀ। ਪਰਮੇਸ਼ੁਰ ਦੀਆਂ ਕੁਝ ਹਦਾਇਤਾਂ ਦੇ ਵਿਹਾਰਕ ਮਹੱਤਵ ਸਪੱਸ਼ਟ ਹਨ। ਉਦਾਹਰਣ ਦੇ ਲਈ, ਛੱਤ੍ਰਿਆਂ ਦੀਆਂ ਖੱਲਾਂ ਦੇ ਢੱਕਣਾਂ ਨੇ ਡੇਹਰੇ ਨੂੰ ਜਲ ਰੋਧਕ ਬਣਾ ਦਿੱਤਾ ਸੀ। ਇਕ ਵਾਰ ਫੇਰ, ਜਿਵੇਂ ਕਿ ਕੂਚ ਦੀ ਪੁਸਤਕ ਵਿਚ ਹੋਰ ਕਿਸੇ ਪੇਸ਼ ਕੀਤਾ ਗਿਆ ਹੈ, ਡੇਹਰੇ ਦੇ ਸਮਾਨ ਨਾਲ ਚੋਬਾਂ ਦੇ ਜੁੜਨ ਨੇ ਉਸ ਸਮਾਨ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਜਾਣਾ ਸੰਭਵ ਬਣਾਇਆ ਸੀ। ਰਚਨਾ ਵਿਚ ਵੀ, ਪਰਮੇਸ਼ੁਰ ਨੇ ਸੁੰਦਰ ਚੀਜ਼ਾਂ ਨੂੰ ਉਪਯੋਗੀ ਅਤੇ ਉਪਯੋਗੀ ਚੀਜ਼ਾਂ ਨੂੰ ਸੁੰਦਰ ਬਣਾਇਆ ਸੀ। ਉਦਾਹਰਣ ਦੇ ਲਈ, ਮਨੁੱਖੀ ਅੱਖ ਨੂੰ ਆਮ ਤੌਰ ਤੇ ਵਿਅਕਤੀ ਦੇ ਸਭ ਤੋਂ ਆਕਰਸ਼ਕ ਰੂਪਾਂ ਵਿੱਚੋਂ ਇਕ ਸਮਝਿਆ ਜਾਂਦਾ ਹੈ, ਪਰ ਅੱਖ ਨੂੰ ਉਪਯੋਗੀ ਹੋਣ ਦੇ ਨਾਲ-ਨਾਲ ਸੁੰਦਰ ਵੀ ਬਣਾਇਆ ਗਿਆ ਹੈ। ਉਪਯੋਗਤਾ ਵਿਚ ਪਰਮੇਸ਼ੁਰ ਦੀ ਦਿਲਚਸਪੀ ਨੂੰ ਸਾਨੂੰ ਇਹ ਚੇਤੇ ਕਰਾਉਣਾ ਚਾਹੀਦਾ ਹੈ ਕਿ ਮਸੀਹੀ ਲੋਕਾਂ ਨੂੰ ਉਸ ਦੇ ਭਵਨ ਵਿਚ "ਜੀਉਂਦੇ ਪੱਥਰਾਂ" ਦੀ ਨਿਆਈਂ ਲਾਇਆ ਗਿਆ ਹੈ (1 ਪਤਰਸ 2:5; ਵੇਖੋ ਅਫ਼ਸੀਆਂ 2:19-22); ਅਸੀਂ ਪਰਮੇਸ਼ੁਰ ਅਤੇ ਮਨੁੱਖ ਦੀ ਟਹਿਲ ਕਰਦਿਆਂ, ਪਰਮੇਸ਼ੁਰ ਦੇ ਰਾਜ ਵਿਚ ਉਪਯੋਗੀ ਬਣਨਾ ਹੈ (1 ਪਤਰਸ 4:10, 11)।

*ਉਹ ਦਯਾ ਦਾ ਪਰਮੇਸ਼ੁਰ ਹੈ।* ਪਰਾਸਚਿਤ ਦੇ ਸਰਪੋਸ਼ ਦੇ ਜ਼ਿਕਰ ਵਿਚ (26:34), ਸਾਨੂੰ ਇਕ ਵਾਰ ਫੇਰ ਪਰਮੇਸ਼ੁਰ ਦੇ ਦਿਆਲੂ ਸੁਭਾਉ ਬਾਰੇ ਚੇਤੇ ਕਰਾਇਆ ਗਿਆ ਹੈ। ਪਰਮੇਸ਼ੁਰ ਹਮੇਸ਼ਾ ਤੋਂ ਆਪਣੇ ਲੋਕਾਂ ਨੂੰ ਬਰਕਤ ਦੇਣਾ ਅਤੇ ਮਾਫ਼ ਕਰਨਾ ਚਾਹੁੰਦਾ ਸੀ ਅਤੇ ਉਸ ਨੇ ਇਸ ਤਰ੍ਹਾਂ ਕਰਨ ਦੇ ਲਈ ਡੇਹਰੇ ਨੂੰ ਵਰਤਿਆ। ਬੇਸ਼ੱਕ, ਪਰਮੇਸ਼ੁਰ ਦਾ ਦਿਆਲੂ ਸੁਭਾਉ ਉਸ ਸੰਸਾਰ ਵਿਚ ਵੀ ਪਰਤੱਖ ਹੈ ਜਿਸ ਨੂੰ ਉਸ ਨੇ ਰਚਿਆ ਹੈ। ਮਨੁੱਖੀ ਜੀਵ, ਸਾਡੇ ਪਾਪ ਦੇ ਬਾਵਜੂਦ, ਅਕਸਰ ਦਿਆਲੂ ਅਤੇ ਕਿਰਪਾਲੂ ਹੁੰਦੇ ਹਨ। ਕਿਉਂਕਿ ਪਰਮੇਸ਼ੁਰ ਦਿਆਲੂ ਹੈ, ਸਾਨੂੰ ਮਸੀਹੀ ਹੋਣ ਦੇ ਨਾਤੇ ਦੂਜਿਆਂ ਦੇ ਪ੍ਰਤੀ ਦਿਆਲੂ ਬਣਨ ਦੁਆਰਾ ਸਾਡੇ ਤੇ ਕੀਤੀ ਗਈ ਦਯਾ ਦੇ ਲਈ ਧੰਨਵਾਦੀ ਹੋਣਾ

ਚਾਹੀਦਾ ਹੈ (ਮੱਤੀ 18:21-35; ਅਫ਼ਸੀਆਂ 4:32; ਕੁਲੁੱਸੀਆਂ 3:13)। ਕਲੀਸੀਆ - ਨਵਾਂ ਨੇਮ ਡੇਹਰੇ ਦੇ ਬਰਾਬਰ ਹੈ - ਨੂੰ ਉਹ ਜ਼ਰੀਆ ਬਣਨਾ ਚਾਹੀਦਾ ਹੈ ਜਿਸ ਦੇ ਰਾਹੀਂ ਸੰਸਾਰ ਪਰਮੇਸ਼ੁਰ ਦੀ ਮਾਫ਼ੀ ਨੂੰ ਜਾਣ ਸਕੇ।

*ਉਹ ਪਰਕਾਸ਼ ਦੇਣ ਵਾਲਾ ਪਰਮੇਸ਼ੁਰ ਹੈ।* ਕੂਚ 26 ਅਧਿਆਇ ਵਿਚ ਇਕ ਯਾਦਗੀਰੀ ਦੇ ਬਾਰੇ ਲਿਖਿਆ ਗਿਆ ਹੈ ਕਿ ਪਰਮੇਸ਼ੁਰ ਨੇ "ਸਾਖੀ ਦੇ ਸੰਦੂਕ" ਦਾ ਜ਼ਿਕਰ ਕਰਨ ਦੁਆਰਾ ਇਸਰਾਏਲ ਦੇ ਅੱਗੇ ਆਪਣੀ ਬਿਵਸਥਾ ਨੂੰ ਪਰਗਟ ਕੀਤਾ ਸੀ (26:33)। ਪਰਮੇਸ਼ੁਰ ਨੇ ਇਸਰਾਏਲ ਨੂੰ ਹਦਾਇਤਾਂ ਤੋਂ ਬਿਨਾਂ ਨਹੀਂ ਛੱਡਿਆ। ਨਾ ਹੀ ਪਰਮੇਸ਼ੁਰ ਨੇ, ਆਪਣੇ ਰਚੇ ਹੋਏ ਸੰਸਾਰ ਵਿਚ, ਉਸ ਦੀ "ਅਨਾਦੀ ਸਮਰੱਥਾ ਅਤੇ ਈਸ਼ੁਰਤਾਈ" ਤੋਂ ਬਿਨਾਂ ਲੋਕਾਂ ਨੂੰ ਛੱਡਿਆ ਸੀ (ਰੋਮੀਆਂ 1:20)। ਮਨੁੱਖ ਜਾਣਕਾਰੀ ਦੇਣ ਵਿਚ ਅਤੇ ਪ੍ਰਾਪਤ ਕਰਨ ਵਿਚ ਰੁਚੀ ਰੱਖਦੇ ਹਨ। ਇਹ ਤੱਥ ਕਿ ਸਾਡਾ ਪਰਮੇਸ਼ੁਰ ਉਹ ਪਰਮੇਸ਼ੁਰ ਹੈ ਜਿਹੜਾ ਲੋਕਾਂ ਨਾਲ ਗੱਲ ਕਰਦਾ ਹੈ, ਜਿਸ ਨੇ ਮਨੁੱਖਜਾਤੀ ਦੇ ਅੱਗੇ ਆਪਣੀ ਇੱਛਾ ਨੂੰ ਪਰਗਟ ਕੀਤਾ ਹੈ, ਸਾਡੇ ਲਈ ਮਹੱਤਵਪੂਰਣ ਹੈ। ਉਹੀ ਪਰਮੇਸ਼ੁਰ ਜਿਸ ਨੇ ਕੂਚ ਦੀ ਪੁਸਤਕ ਵਿਚ ਮੂਸਾ ਨਾਲ ਗੱਲ ਕੀਤੀ ਸੀ ਅੱਜ ਵੀ ਆਪਣੇ ਪੁੱਤਰ (ਇਬਰਾਨੀਆਂ 1:1, 2) ਅਤੇ ਨਵੇਂ ਨੇਮ ਦੇ ਰਾਹੀ ਸਾਡੇ ਨਾਲ ਗੱਲ ਕਰਦਾ ਹੈ।

*ਸਿੱਟਾ।* ਪਰਮੇਸ਼ੁਰ ਬਦਲਿਆ ਨਹੀਂ ਹੈ। ਉਹ ਹਾਲੇ ਵੀ ਤਰਤੀਬ ਦਾ ਅਤੇ ਉਪਯੋਗਤਾ ਦਾ ਪਰਮੇਸ਼ੁਰ ਹੈ। ਉਹ ਹਾਲੇ ਵੀ ਦਿਆਲੂ ਅਤੇ ਪਰਕਾਸ਼ ਦਾ ਪਰਮੇਸ਼ੁਰ ਹੈ। ਆਓ ਅਸੀਂ ਉਸ ਦੇ ਸੁਭਾਉ ਵਿਚ ਅਨੰਦ ਮਾਣੀਏ, ਉਸ ਦੀ ਦਯਾ ਦਾ ਅਨੰਦ ਮਾਣੀਏ ਅਤੇ ਉਸ ਦੀਆਂ ਹਦਾਇਤਾਂ ਦਾ ਪਾਲਣ ਕਰੀਏ। ਅਸੀਂ ਪਰਮੇਸ਼ੁਰ ਦੀ ਰੀਸ ਕਰਨ ਵਾਲੇ ਬਣਨਾ ਹੈ। ਫਿਰ ਕੀ ਸਾਨੂੰ, ਪਰਮੇਸ਼ੁਰ ਦੇ ਵਾਂਗ, ਤਰਤੀਬ ਵਾਲੇ ਨਹੀਂ ਹੋਣਾ ਚਾਹੀਦਾ? ਕੀ ਸਾਨੂੰ ਵੀ ਸੁੰਦਰਤਾ ਅਤੇ ਉਪਯੋਗਤਾ ਦੋਹਾਂ ਵਿਚ ਰੁਚੀ ਨਹੀਂ ਰੱਖਣੀ ਚਾਹੀਦੀ? ਕੀ ਸਾਨੂੰ ਦੂਜਿਆਂ ਦੇ ਪ੍ਰਤੀ ਦਿਆਲੂ ਨਹੀਂ ਹੋਣਾ ਚਾਹੀਦਾ? ਅੰਤ ਵਿਚ, ਕੀ ਸਾਨੂੰ ਉਸ ਪਰਕਾਸ਼ ਨੂੰ ਜੋ ਸਾਨੂੰ ਪਰਮੇਸ਼ੁਰ ਦੀ ਵੱਲੋਂ ਮਿਲਿਆ ਹੈ ਦੂਜਿਆਂ ਨੂੰ ਸੌਂਪਣ ਦੀ ਸਾਡੀ ਜ਼ਿੰਮੇਵਾਰੀ ਨੂੰ ਨਹੀਂ ਪਛਾਣਨਾ ਚਾਹੀਦਾ?

### ਅੰਦਰਲਾ ਪੜਦਾ - ਅਦਿੱਖ ਸੁੰਦਰਤਾ (26:1-6)

ਡੇਹਰੇ ਦਾ ਅੰਦਰਲਾ ਪੜਦਾ ਸ਼ਾਨਦਾਰ ਹੋਵੇਗਾ; ਇਹ ਕਾਫੀ ਮਹਿੰਗੀ ਸਮੱਗਰੀ ਨਾਲ ਬਣਾਇਆ ਗਿਆ ਸੀ ਅਤੇ ਇਸ ਨੂੰ ਕਰੂਬੀਆਂ ਦੇ ਨਾਲ ਖ਼ੂਬਸੂਰਤੀ ਨਾਲ ਸਜਾਇਆ ਗਿਆ ਸੀ। ਪਰ, ਕੋਈ ਇਸ ਨੂੰ ਵੇਖ ਨਹੀਂ ਸੀ ਸਕਦਾ - ਕੋਈ ਵੀ ਨਹੀਂ, ਅਰਥਾਤ ਜਾਜਕਾਂ ਤੋਂ ਇਲਾਵਾ ਜਿਹੜੇ ਡੇਹਰੇ ਦੇ ਅੰਦਰ ਸੇਵਾ ਕਰਦੇ ਸਨ। ਜੇਕਰ ਫੱਟੀਆਂ ਠੋਸ ਸਨ ਅਤੇ ਪੜਦੇ ਦੇ ਅੰਦਰੋਂ, ਸਗੋਂ ਉਹ ਵੀ ਇਸ ਨੂੰ ਨਹੀਂ ਸੀ ਵੇਖ ਸਕਦੇ! ਭਾਵੇਂ ਕੋਈ ਹੋਰ ਪੜਦੇ ਨੂੰ ਵੇਖ ਸਕਦਾ ਸੀ ਜਾਂ ਨਹੀਂ, ਪਰਮੇਸ਼ੁਰ ਜ਼ਰੂਰ ਵੇਖ ਸਕਦਾ ਸੀ। ਉਹ ਇਸ ਦੀ ਸੁੰਦਰਤਾ ਅਤੇ ਇਸ ਦੀ ਸੱਚਾਈ ਦੀ ਪ੍ਰਸ਼ੰਸਾ ਕਰ ਸਕਦਾ ਸੀ ਕਿ ਇਹ ਉਸ ਤਰ੍ਹਾਂ ਬਣਾਇਆ ਗਿਆ ਸੀ ਜਿਵੇਂ ਪਰਮੇਸ਼ੁਰ ਨੇ ਇਸ ਨੂੰ ਬਣਾਉਣ ਦੀ ਹਦਾਇਤ ਦਿੱਤੀ ਸੀ। ਉਸੇ ਤਰ੍ਹਾਂ, ਪਰਮੇਸ਼ੁਰ ਸਾਨੂੰ ਉਸ ਤਰ੍ਹਾਂ ਵੇਖਦਾ ਹੈ ਜਿਵੇਂ ਕੋਈ ਨਹੀਂ ਵੇਖ ਸਕਦਾ। ਉਹ ਸਾਡੇ ਅੰਦਰਲੇ ਇਨਸਾਨ ਨੂੰ ਵੇਖਦਾ ਅਤੇ ਜਾਣਦਾ ਹੈ (1 ਸਮੂਏਲ 16:7)। ਇਸ ਲਈ, ਆਓ ਅਸੀਂ ਆਪਣੇ ਬਾਹਰੀ ਰੂਪ ਦੀ ਜ਼ਿਆਦਾ ਚਿੰਤਾ ਨਾ ਕਰੀਏ, ਬਜਾਇ ਇਸ ਦੇ, ਆਓ ਅਸੀਂ ਇਹ ਨਿਸ਼ਚਤ ਕਰੀਏ ਕਿ ਅਸੀਂ ਅੰਦਰੋਂ ਸੁੰਦਰ ਹਾਂ (1 ਪਤਰਸ 3:4)।

### "ਠੀਕ ਠੀਕ ਜੁੜ ਕੇ" (26:4-37)

ਕੂਚ ਦੀ ਪੁਸਤਕ ਵਰਣਨ ਕਰਦੀ ਹੈ ਕਿ ਡੇਹਰੇ ਦੇ ਵੱਖ-ਵੱਖ ਹਿੱਸਿਆਂ ਨੂੰ ਕਿਵੇਂ ਜੋੜਨਾ ਸੀ।

ਪੜਦਿਆਂ ਨੂੰ ਬੀੜਿਆਂ ਅਤੇ ਕੁੰਡੀਆਂ ਨਾਲ ਜੋੜਨਾ ਸੀ; ਫੱਟੀਆਂ ਨੂੰ ਚੀਥੀਆਂ ਅਤੇ ਚੂਲਾਂ ਨਾਲ ਆਪਣੀ-ਆਪਣੀ ਥਾਂ ਤੇ ਲਗਾਇਆ ਜਾਣਾ ਸੀ; ਪੜਦਾ ਅਤੇ ਓਟ ਕੁੰਡਿਆਂ ਅਤੇ ਚੀਥੀਆਂ ਨਾਲ ਲਮਕਾਏ ਜਾਣੇ ਸਨ। ਅੱਜ ਦੇ ਸਮੇਂ ਵਿਚ ਕਲੀਸੀਆ ਪਰਮੇਸ਼ੁਰ ਦੀ ਹੈਕਲ, ਪਰਮੇਸ਼ੁਰ ਦਾ ਭਵਨ ਹੈ। ਹਰ ਮੈਂਬਰ ਉਸ ਇਮਾਰਤ ਵਿਚ ਜੀਉਂਦਾ ਪੱਥਰ ਹੈ (1 ਪਤਰਸ 2:5)। ਸਾਰੇ ਅੰਗਾਂ ਦੇ ਇਕੱਠੇ ਮਿਲ ਕੇ ਕੰਮ ਕਰਨ ਅਤੇ ਸਰੀਰ ਦੇ ਹਰੇਕ ਅੰਗ ਦੇ ਲਈ ਕੰਮ ਕਰਨ ਵਾਸਤੇ, ਵੱਖ-ਵੱਖ ਅੰਗਾਂ ਨੂੰ "ਠੀਕ ਠੀਕ ਜੁੜ ਕੇ" ਕੰਮ ਕਰਨਾ ਪਵੇਗਾ (ਅਫ਼ਸੀਆਂ 4:16; KJV)। ਪ੍ਰਭੂ ਦੇ ਕਲੀਸੀਆ ਦੇ ਲੋਕ ਇਕ ਦੂਜੇ ਨਾਲ ਜੁੜੇ ਹੋਣੇ ਚਾਹੀਦੇ ਹਨ। ਗਾਰੇ ਤੋਂ ਬਿਨਾਂ ਇੱਟਾਂ ਸਥਿਰ ਨਹੀਂ ਰਹਿਣੀਆਂ ਅਤੇ ਇਮਾਰਤ ਮਜ਼ਬੂਤ ਨਹੀਂ ਹੋਵੇਗੀ। ਕਲੀਸੀਆ ਵਿਚ, ਪ੍ਰਤੀਕਾਤਮਕ ਰੂਪ ਵਿਚ ਗੱਲ ਕਰਦਿਆਂ, ਸਾਨੂੰ "ਬੀੜਿਆਂ" ਅਤੇ "ਕੁੰਡੀਆਂ," "ਚੂਲਾਂ" ਅਤੇ "ਚੀਥੀਆਂ" ਦੀ ਲੋੜ ਹੈ। ਅਸੀਂ ਬਿਹਤਰ ਢੰਗ ਨਾਲ ਸੰਗਠਿਤ ਕੇ ਮੁੜ ਤੋਂ ਇਕ ਹੋ ਸਕਦੇ ਹਾਂ। ਇਸ ਤੋਂ ਇਲਾਵਾ, ਸਾਨੂੰ ਪ੍ਰੇਮ, "ਸੰਪੂਰਨਤਾਈ ਦੇ ਬੰਧ" (ਕੁਲੁੱਸੀਆਂ 3:14), "ਗਾਰੇ" ਦੀ ਲੋੜ ਹੈ ਜਿਹੜਾ ਇੱਟਾਂ ਨੂੰ ਇਕੱਠਾ ਜਾਂ ਜੋੜ ਕੇ ਰੱਖਦਾ ਹੈ।

### ਅੱਤ ਪਵਿੱਤਰ ਅਸਥਾਨ - ਪਰਮੇਸ਼ੁਰ ਦੇ ਸਿੰਘਾਸਣ ਵਾਲਾ ਕਮਰਾ (26:31-35)[9]

ਅੱਤ ਪਵਿੱਤਰ ਅਸਥਾਨ ਸੁਰਗ ਦਾ ਰੂਪ ਸੀ (ਇਬਰਾਨੀਆਂ 9:11, 12, 23, 24)। (1) ਕਿਹਾ ਜਾਂਦਾ ਹੈ ਕਿ ਦੋਹਾਂ ਉੱਤੇ ਪਰਮੇਸ਼ੁਰ ਬਿਰਾਜਮਾਨ ਸੀ (ਜ਼ਬੂਰ 99:1; ਪਰਕਾਸ਼ ਦੀ ਪੋਥੀ 4:1, 2)। (2) ਕਿਹਾ ਜਾਂਦਾ ਹੈ ਕਿ ਦੋਹਾਂ ਵਿਚ ਪਰਮੇਸ਼ੁਰ ਦੀ ਹਜ਼ੂਰੀ ਦਾ ਤੇਜ ਹੈ (ਲੇਵੀਆਂ 16:2; ਪਰਕਾਸ਼ ਦੀ ਪੋਥੀ 21:23)। (3) ਦੋਹਾਂ ਨੂੰ ਪਰਮੇਸ਼ੁਰ ਦੀ ਬੰਦਗੀ ਕਰਨ ਵਾਲੇ ਜੰਤੂਆਂ ਨਾਲ ਦਰਸਾਇਆ ਗਿਆ ਹੈ (ਕੂਚ 25:18; ਪਰਕਾਸ਼ ਦੀ ਪੋਥੀ 4:6-8)। (4) ਦੋਹਾਂ ਦਾ ਸੋਨੇ ਦੇ ਹੋਣ ਵਜੋਂ ਵਰਣਨ ਕੀਤਾ ਗਿਆ ਹੈ (ਕੂਚ 25:11, 17, 26-29; ਪਰਕਾਸ਼ ਦੀ ਪੋਥੀ 21:18)। (5) ਦੋਹਾਂ ਨੂੰ ਸੰਪੂਰਨ ਘਣਾਂ ਵਜੋਂ ਵਿਖਾਇਆ ਗਿਆ ਹੈ; ਪਰਿਮਾਪਾਂ ਦਾ ਹਿਸਾਬ ਕੂਚ 28:16, 18, 20, 22 ਅਤੇ ਪਰਕਾਸ਼ ਦੀ ਪੋਥੀ 21:16 ਵਿਚ ਪਾਏ ਜਾਣ ਵਾਲੇ ਮਾਪਾਂ ਤੇ ਅਧਾਰਿਤ ਕੀਤਾ ਜਾ ਸਕਦਾ ਹੈ। (6) ਦੋਹਾਂ ਵਿਚ ਪਰਮੇਸ਼ੁਰ ਦੀ ਬਿਵਸਥਾ ਹੈ (ਕੂਚ 40:20; ਜ਼ਬੂਰ 119:89; ਵੇਖੋ 89:14)। (7) ਦੋਹਾਂ ਨੂੰ ਉਹ ਥਾਵਾਂ ਕਿਹਾ ਗਿਆ ਹੈ ਜਿੱਥੇ ਲਹੂ ਨਾਲ ਪ੍ਰਾਸਚਿੱਤ ਕੀਤਾ ਜਾਂਦਾ ਹੈ (ਲੇਵੀਆਂ 16:15, 16; ਇਬਰਾਨੀਆਂ 9:11, 12, 24, 25)।

### ਪਾਟਾ ਹੋਇਆ ਪੜਦਾ (26:31-35)

ਡੇਹਰੇ ਦਾ ਪੜਦਾ ਪਵਿੱਤਰ ਅਸਥਾਨ ਨੂੰ ਅੱਤ ਪਵਿੱਤਰ ਅਸਥਾਨ ਤੋਂ ਵੱਖਰਾ ਕਰਦਾ ਸੀ। ਜਦੋਂ ਯਿਸੂ ਸਲੀਬ ਉੱਤੇ ਮਰਿਆ ਤਾਂ ਉਹ ਪੜਦਾ ਉੱਪਰ ਤੋਂ ਲੈ ਕੇ ਹੇਠਾਂ ਤੀਕ ਪਾਟ ਕੇ ਦੋ ਭਾਗ ਹੋ ਗਿਆ, ਇਹ ਇਸ਼ਾਰਾ ਕਰਦਿਆਂ ਕਿ ਪਰਮੇਸ਼ੁਰ ਨੇ ਇਸ ਨੂੰ ਪਾੜਿਆ ਸੀ। ਇਹ ਘਟਨਾ ਇਸ ਗੱਲ ਦਾ ਪ੍ਰਤੀਕ ਸੀ ਕਿ ਮਸੀਹ ਨੇ ਆਪਣੇ ਚੇਲਿਆਂ ਦੇ ਲਈ ਸੁਰਗ ਦੇ ਰਾਹ ਨੂੰ ਖੋਲ੍ਹ ਦਿੱਤਾ ਸੀ। ਮਰਨ ਦੇ ਦੁਆਰਾ - ਆਪਣੇ ਸਰੀਰ (ਆਪਣੇ ਮਾਸ) ਨੂੰ ਦੇਣ ਦੇ ਦੁਆਰਾ, ਯਿਸੂ ਨੇ ਸਾਡੇ ਲਈ ਰਾਹ ਨੂੰ ਖੋਲ੍ਹਿਆ ਹੈ (ਇਬਰਾਨੀਆਂ 10:20)। ਸਾਨੂੰ ਬਸ "ਨਵੇਂ ਅਤੇ ਜੀਉਂਦੇ ਰਾਹ" ਥਾਣੀਂ ਦਾਖਲ ਹੋਣ ਦੀ ਲੋੜ ਹੈ (ਇਬਰਾਨੀਆਂ 10:19, 20)। ਪਰ, ਇਸ ਤੋਂ ਪਹਿਲਾਂ ਕਿ ਅਸੀਂ ਸੁਰਗ ਵਿਚ ਦਾਖਲ ਹੋ ਸਕੀਏ, ਕਿਸੇ ਤਰ੍ਹਾਂ ਵੀ ਸਾਨੂੰ ਇਹ ਸਰੀਰ ਛੱਡਣਾ ਪਵੇਗਾ ਜਿਸ ਦੇ ਵਿਚ ਅਸੀਂ ਰਹਿੰਦੇ ਹਾਂ (1 ਕੁਰਿੰਥੀਆਂ 15:50)। ਅਸੀਂ ਜਾਂ ਤਾਂ ਮੌਤ ਦੇ ਸਮੇਂ ਜਾਂ ਮਸੀਹ ਦੇ ਦੁਬਾਰਾ ਆਉਣ ਦੇ ਸਮੇਂ ਇਸ ਸਰੀਰ ਨੂੰ ਛੱਡ ਦੇਵਾਂਗੇ।

## ਟਿੱਪਣੀਆਂ

[1]ਜੌਨ ਜੇ. ਡੇਵਿਸ, *ਮੋਜਜ ਐਂਡ ਦ ਗੌਡਸ ਆਫ਼ ਇਜਿਪਟ: ਸਟੱਡੀਜ਼ ਇਨ ਐਕਸੋਡਸ*, ਦੂਜਾ ਸੰਸਕਰਣ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1986), 262; ਜੌਨ ਆਈ. ਡਰਹਮ, *ਐਕਸੋਡਸ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 3 (ਵਾਕੋ, ਟੈਕਸਾਸ: ਵਰਡ ਬੁਕਸ, 1987), 371; ਫਰਾਂਸਿਸ ਬਰਾਊਨ, ਐਸ. ਆਰ. ਡਰਾਈਵਰ ਅਤੇ ਚਾਰਲਸ ਏ. ਬਰਿੱਗਸ ਦੀ ਪੁਸਤਕ *ਦ ਬਰਾਊਨ-ਡਰਾਈਵਰ-ਬਰਿੱਗਸ ਹਿਬਰੂ ਐਂਡ ਇੰਗਲਿਸ਼ ਲੈਕਸੀਕਨ* (ਬੋਸਟਨ: ਹੱਫਟਨ, ਮਿਫਲਿਨ ਅਤੇ ਕੰਪਨੀ, 1906; ਦੂਜੀ ਛਾਪ, ਪੀਬੌਡੀ, ਮਾਸਾਚੁਸੈਟ: ਹੈਂਡਰਿਕਸਨ ਪਬਲਿਸ਼ਰਜ਼, 1997) ਦਾ ਸਫ਼ਾ 1065 ਵੇਖੋ। [2]ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1973), 194. [3]ਰਿਚਰਡ ਈ. ਏਵਰਬੈਕ ਦੀ ਪੁਸਤਕ *ਡਿਕਸ਼ਨਰੀ ਆਫ਼ ਦਿ ਓਲਡ ਟੈਸਟਾਮੈਂਟ: ਪੈਂਟਾਟੂਕ*, ਸੰਪਾ., ਟੀ. ਡੈਸਮੰਡ ਐਲਗਜੰਡਰ ਅਤੇ ਡੇਵਿਡ ਡਬਲਿਯੂ. ਬੇਕਰ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 2003) ਵਿਚ ਸਫ਼ਾ 814 ਤੇ "ਟੇਬਰਨੇਕਲ" ਹੈ। [4]*ਅਮੈਰੀਕਨ ਹੈਰੀਟੇਜ ਡਿਕਸ਼ਨਰੀ*, ਚੌਥਾ ਸੰਪਾਦਨ (2001), ਐਸ. ਵੀ. "ਚੂਲ।" [5]ਅਮਬਰਟੋ ਕਸੁੱਟੋ, *ਏ ਕਮੈਂਟਰੀ ਆਨ ਦ ਬੁਕ ਆਫ਼ ਐਕਸੋਡਸ*, ਅਨੁਵਾਦ, ਇਜਰਾਏਲ ਅਬਰਾਹਾਮਜ (ਜੇਰੂਸਲੇਮ: ਮੈਗਨਸ ਪ੍ਰੈਸ, 1997), 355. [6]ਪੀਟਰ ਐਨਸ, *ਐਕਸੋਡਸ*, ਦ ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2000), 519. [7]ਜੇਮਸ ਬਰਟਨ ਕੋਫਮੈਨ, *ਕਮੈਂਟਰੀ ਆਨ ਐਕਸੋਡਸ, ਦ ਸੈਕੰਡ ਬੁਕ ਆਫ਼ ਮੋਜਜ* (ਐਬੀਲੀਨ, ਟੈਕਸਾਸ: ਏਸੀਯੂ ਪ੍ਰੈਸ, 1985), 372. [8]ਉਸੇ ਸਥਾਨ ਤੇ, 372-75. [9]ਵਿਲਬੁਰ ਫੀਲਡਸ ਦੀ ਪੁਸਤਕ *ਇਕਸਪਲੋਰਿੰਗ ਐਕਸੋਡਸ*, ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੋਪਲਿਨ, ਮਿਸੁਰੀ: ਕਾਲਜ ਪ੍ਰੈਸ, 1976) ਵਿੱਚੋਂ ਸਫ਼ਾ 590 ਤੋਂ ਲਿਆ ਗਿਆ।